
People's Herald
Rs- 160/month
People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610
ਪਟਿਆਲਾ

"Equality and Justice"
स्वतंत्रता, समानता, भाईचारा

PATIALA On line paper 16 ਨਵੰਬਰ 2025 ਐਤਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay 91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਸ਼੍ਰੀਨਗਰ ਦੇ ਨੌਗਾਮ ਥਾਣੇ 'ਚ ਧਮਾਕਾ; 9 ਦੀ ਮੌਤ ਤੇ 29 ਜ਼ਖ਼ਮੀ, ਕੀ ਦਿੱਲੀ ਬਲਾਸਟ ਨਾਲ ਕਨੈਕਸ਼ਨ?

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਨਵੰਬਰ
INTERNATIONAL PAPER, 94636 01616
hardipchumber57@gmail.com

ਜੰਮੂ ਕਸ਼ਮੀਰ ਦੇ ਸ਼੍ਰੀਨਗਰ ਵਿਚ ਨੌਗਾਮ ਪੁਲਿਸ ਸਟੇਸ਼ਨ ਦੇ ਅੰਦਰ ਵੱਡੇ ਧਮਾਕੇ ਦੀ ਖ਼ਬਰ ਸਾਹਮਣੇ ਆਈ ਹੈ। ਇਸ ਧਮਾਕੇ ਵਿਚ 9 ਲੋਕਾਂ ਦੀ ਮੌਤ ਹੋ ਗਈ ਹੈ ਜਦਕਿ 29 ਲੋਕ ਜ਼ਖ਼ਮੀ ਹੋਏ ਹਨ। ਇਮਾਰਤ ਨੂੰ ਵੀ ਕਾਫ਼ੀ ਵੱਡਾ ਨੁਕਸਾਨ ਪਹੁੰਚਿਆ ਹੈ। ਜਾਣਕਾਰੀ ਅਨੁਸਾਰ, ਥਾਣਾ ਪਰਿਸਰ ਵਿੱਚ ਜ਼ਬਤ ਕੀਤਾ ਗਿਆ ਅਮੋਨਿਅਮ ਨਾਈਟਰੇਟ ਰੱਖਿਆ ਹੋਇਆ ਸੀ, ਜਿਸਦੀ ਫ਼ੋਰੈਂਸਿਕ ਟੀਮ ਵੱਲੋਂ ਜਾਂਚ ਕੀਤੀ ਜਾ ਰਹੀ ਸੀ। ਸ਼ੱਕ ਜਤਾਇਆ ਜਾ ਰਿਹਾ ਹੈ ਕਿ ਇਸੇ ਅਮੋਨਿਅਮ ਨਾਈਟਰੇਟ ਵਿੱਚ ਵੱਡਾ ਧਮਾਕਾ ਹੋਇਆ ਹੈ।



ਦਿੱਲੀ ਲਾਲ ਕਿਲ੍ਹਾ ਬਲਾਸਟ ਵਿੱਚ ਜੰਮੂ ਕਸ਼ਮੀਰ ਕਨੈਕਸ਼ਨ ਸਾਹਮਣੇ ਆਉਣ ਤੋਂ ਬਾਅਦ ਉੱਥੋਂ ਗ੍ਰਿਫ਼ਤਾਰ ਕੀਤੇ ਗਏ ਸ਼ੱਕੀ ਅੱਤਵਾਦੀਆਂ ਤੋਂ ਨੌਗਾਮ ਥਾਣੇ ਵਿੱਚ ਹੀ ਪੁੱਛਗਿੱਛ ਕੀਤੀ ਜਾ ਰਹੀ ਸੀ। ਇਸ ਦੌਰਾਨ ਸ਼ੁੱਕਰਵਾਰ ਯਾਨੀਕਿ 14 ਨਵੰਬਰ ਦੀ ਦੇਰ ਰਾਤ ਹੋਏ ਧਮਾਕੇ ਵਿੱਚ ਕਈ ਪੁਲਿਸਕਰਮੀਆਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਮਿਲੀ। ਪੁੱਖਤਾ ਸ਼ੱਕ ਹੈ ਕਿ ਪਰਿਸਰ ਵਿੱਚ ਜਾਂਚ ਲਈ ਰੱਖੇ ਅਮੋਨਿਅਮ ਨਾਈਟਰੇਟ ਵਿੱਚੋਂ ਹੀ ਇਹ ਧਮਾਕਾ ਹੋਇਆ ਹੈ।

### ਅੱਤਵਾਦੀ ਹਮਲਾ ਨਹੀਂ

ਸ਼ੁਰੂਆਤੀ ਜਾਣਕਾਰੀ ਮਿਲਣ 'ਤੇ ਇਹ ਸਾਹਮਣੇ ਆਇਆ ਕਿ ਸ਼ੁੱਕਰਵਾਰ, 14 ਨਵੰਬਰ ਦੀ ਦੇਰ ਰਾਤ ਨੌਗਾਮ ਪੁਲਿਸ ਸਟੇਸ਼ਨ ਦੇ ਅੰਦਰ ਜਾਂ ਇਸਦੇ ਨੇੜੇ ਇਕ ਧਮਾਕਾ ਹੋਇਆ। ਇਸ ਥਾਣਾ ਪਰਿਸਰ ਵਿੱਚ ਪਹਿਲਾਂ ਹੀ ਧਵੱਸ ਕੀਤੇ ਗਏ ਇੱਕ ਅੱਤਵਾਦੀ ਮੋਡਿਊਲ ਦੀ ਜਾਂਚ ਚੱਲ ਰਹੀ ਸੀ। ਧਮਾਕੇ ਵਿੱਚ ਕੁਝ ਪੁਲਿਸ ਕਰਮੀ ਜ਼ਖ਼ਮੀ ਹੋਏ, ਜਿਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ।

ਤਸਵੀਰਾਂ ਵਿੱਚ ਅੱਗ ਦੀਆਂ ਵੱਡੀਆਂ ਲਪਟਾਂ ਨਜ਼ਰ ਆਈਆਂ। ਹਾਲਾਂਕਿ ਸਮਾਂ ਬੀਤਣ ਨਾਲ ਪਤਾ ਲੱਗਾ ਕਿ ਸਥਿਤੀ ਕਾਫ਼ੀ ਗੰਭੀਰ ਸੀ ਅਤੇ ਇਸ ਵਿੱਚ 9 ਲੋਕਾਂ ਦੀ ਮੌਤ ਹੋਣ ਦੀ ਪੁਸ਼ਟੀ ਹੋਈ।

### ਜ਼ਬਤ ਕੀਤੇ ਅਮੋਨਿਅਮ ਨਾਈਟਰੇਟ ਦੀ ਹੋ ਰਹੀ ਸੀ ਜਾਂਚ

ਸ਼ੁੱਕਰਵਾਰ ਨੂੰ ਸ਼੍ਰੀਨਗਰ ਦੇ ਨੌਗਾਮ ਇਲਾਕੇ ਦੇ ਨੇੜੇ ਹੋਇਆ ਭਿਆਨਕ ਧਮਾਕਾ ਸੀਸੀਟੀਵੀ ਵਿੱਚ ਕੈਦ ਹੋ ਗਿਆ। ਪੁਲਿਸ ਦੀਆਂ ਟੀਮਾਂ ਜ਼ਬਤ ਕੀਤੇ ਗਏ ਅਮੋਨਿਅਮ ਨਾਈਟਰੇਟ ਆਦਿ ਦਾ ਨਮੂਨਾ ਲੈ ਰਹੀਆਂ ਸਨ। ਇਸ ਦੌਰਾਨ ਨੌਗਾਮ ਪੁਲਿਸ ਸਟੇਸ਼ਨ ਦੇ ਅੰਦਰ ਅਮੋਨਿਅਮ ਨਾਈਟਰੇਟ ਵਿੱਚ ਵੱਡਾ ਵਿਸਫੋਟ ਹੋ ਗਿਆ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਵਿੱਚ ਕਈ ਲੋਕ ਜ਼ਖਮੀ ਹੋਏ ਹਨ।

### JeM ਦੇ ਟੈਰਰ ਮੋਡਿਊਲ ਦੀ ਜਾਂਚ ਦਾ ਕੇਂਦਰ

ਦਿੱਲੀ ਲਾਲ ਕਿਲ੍ਹੇ ਧਮਾਕੇ ਤੋਂ ਬਾਅਦ ਇਹ ਦੂਜਾ ਵੱਡਾ ਧਮਾਕਾ ਹੈ, ਜਿਸ ਵਿੱਚ 9 ਲੋਕਾਂ ਦੀ ਜਾਨ ਚਲੀ ਗਈ ਹੈ। ਜੈਸ਼-ਏ-ਮੋਹੰਮਦ ਦੇ 'ਸਫ਼ੇਦਪੋਸ਼' ਟੈਰਰ ਮੋਡੀਊਲ ਦੀ ਜਾਂਚ ਦਾ ਮੁੱਖ ਕੇਂਦਰ ਵੀ ਇਹੀ ਨੌਗਾਮ ਥਾਣਾ ਪਰਿਸਰ ਹੈ। ਇਹ ਪੁਲਿਸ ਸਟੇਸ਼ਨ ਏਅਰਪੋਰਟ ਇਲਾਕੇ ਦੇ ਵੀ ਕਾਫ਼ੀ ਨੇੜੇ ਸਥਿਤ ਹੈ।

## ਪੰਜਾਬ ਸਰਕਾਰ ਵੱਲੋਂ ਪੇਂਡੂ ਇਲਾਕਿਆਂ ਲਈ ਵੱਡਾ ਐਲਾਨ, ਦਸੰਬਰ ਦੇ ਅੰਤ ਤੱਕ ਮਿਲੇਗੀ ਇਹ ਸਹੂਲਤ

**ਪੰਜਾਬ ਸਰਕਾਰ ਨੇ ਰਾਜ ਦੇ ਪਿੰਡਾਂ ਵਿੱਚ ਵੱਖ-ਵੱਖ ਵਿਕਾਸ ਕਾਰਜਾਂ ਲਈ 332 ਕਰੋੜ ਰੁਪਏ ਦੀ ਮਹੱਤਵਪੂਰਨ ਕਿਸ਼ਤ ਜਾਰੀ ਕਰਨ ਦਾ ਐਲਾਨ ਕੀਤਾ ਹੈ। ਇਸੇ ਤਹਿਤ, 334 ਕਰੋੜ ਰੁਪਏ ਦੀ ਅਗਲੀ ਕਿਸ਼ਤ ਦਸੰਬਰ ਦੇ ਅੰਤ ਤੱਕ ਜਾਂ ਜਨਵਰੀ ਦੇ ਪਹਿਲੇ ਹਫ਼ਤੇ..**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਨਵੰਬਰ
INTERNATIONAL PAPER, 94636 01616
hardipchumber57@gmail.com

ਪੰਜਾਬ ਸਰਕਾਰ ਨੇ ਰਾਜ ਦੇ ਪਿੰਡਾਂ ਵਿੱਚ ਵੱਖ-ਵੱਖ ਵਿਕਾਸ ਕਾਰਜਾਂ ਲਈ 332 ਕਰੋੜ ਰੁਪਏ ਦੀ ਮਹੱਤਵਪੂਰਨ ਕਿਸ਼ਤ ਜਾਰੀ ਕਰਨ ਦਾ ਐਲਾਨ ਕੀਤਾ ਹੈ। ਇਸੇ ਤਹਿਤ, 334 ਕਰੋੜ ਰੁਪਏ ਦੀ ਅਗਲੀ ਕਿਸ਼ਤ ਦਸੰਬਰ ਦੇ ਅੰਤ ਤੱਕ ਜਾਂ ਜਨਵਰੀ ਦੇ ਪਹਿਲੇ ਹਫ਼ਤੇ ਵਿੱਚ ਜਾਰੀ ਕਰ ਦਿੱਤੀ ਜਾਵੇਗੀ। ਪੰਜਾਬ ਭਵਨ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਇਸ ਰਕਮ ਦਾ ਇਸਤੇਮਾਲ ਪਿੰਡਾਂ ਵਿੱਚ ਸੈਨੀਟੇਸ਼ਨ ਬਾਕਸ ਲਗਾਉਣ ਸਮੇਤ ਗ੍ਰਾਮ ਪੰਚਾਇਤਾਂ ਦੇ ਵੱਖ-ਵੱਖ ਵਿਕਾਸ ਕਾਰਜਾਂ ਲਈ ਕੀਤਾ ਜਾਵੇਗਾ।

156 ਕਰੋੜ ਰੁਪਏ ਦੀ ਗ੍ਰਾਂਟ ਅਨਟਾਈਡ ਫੰਡਸ ਵਜੋਂ ਦਿੱਤੀ ਜਾ ਰਹੀ ਹੈ, ਜਿਸਦਾ ਇਸਤੇਮਾਲ ਗ੍ਰਾਮ ਪੰਚਾਇਤਾਂ ਆਪਣੇ ਅਧਿਕਾਰ ਖੇਤਰ ਵਿੱਚ ਕਿਸੇ ਵੀ ਵਿਕਾਸ ਕਾਰਜ ਲਈ ਕਰ ਸਕਦੀਆਂ ਹਨ।

176 ਕਰੋੜ ਰੁਪਏ ਟਾਈਡ ਫੰਡਸ ਵਜੋਂ ਦਿੱਤੇ ਜਾਣਗੇ, ਜੋ ਕੇਵਲ ਪਿੰਡਾਂ ਵਿੱਚ ਸੈਨੀਟੇਸ਼ਨ



ਨਾਲ ਸੰਬੰਧਿਤ ਕੰਮਾਂ ਲਈ ਹੀ ਵਰਤੇ ਜਾ ਸਕਣਗੇ।

ਸਾਰੀ ਗ੍ਰਾਂਟ ਨੂੰ ਗ੍ਰਾਮ ਪੰਚਾਇਤਾਂ, ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਵਿੱਚ 70:20:10 ਦੇ ਅਨੁਪਾਤ ਵਿੱਚ ਵੰਡਿਆ ਜਾਵੇਗਾ। ਪਿੰਡਾਂ ਦੇ ਵਿਕਾਸ ਕਾਰਜਾਂ ਲਈ 22 ਜ਼ਿਲ੍ਹਿਆਂ ਵਿੱਚ ਕੁੱਲ 3,329,750,900 ਰੁਪਏ ਜਾਰੀ ਕੀਤੇ ਗਏ ਹਨ, ਜਿਸ ਵਿੱਚ 1,766,319,970 ਰੁਪਏ ਟਾਈਡ ਫੰਡ ਅਤੇ 1,563,430,930 ਰੁਪਏ ਅਨਟਾਈਡ ਫੰਡ ਸ਼ਾਮਲ ਹਨ।

ਸਭ ਤੋਂ ਵੱਧ ਗ੍ਰਾਂਟ ਪ੍ਰਾਪਤ ਕਰਨ ਵਾਲੇ ਜ਼ਿਲ੍ਹੇ ਹਨ:

ਲੁਧਿਆਣਾ: 200,143,127 ਰੁਪਏ (ਟਾਈਡ ਫੰਡ), 133,905,292 ਰੁਪਏ (ਅਨਟਾਈਡ ਫੰਡ)

ਹੁਸ਼ਿਆਰਪੁਰ: 170,847,451 ਰੁਪਏ (ਟਾਈਡ ਫੰਡ), 114,305,089 ਰੁਪਏ (ਅਨਟਾਈਡ ਫੰਡ)

ਗੁਰਦਾਸਪੁਰ: 165,563,924 ਰੁਪਏ (ਟਾਈਡ ਫੰਡ), 110,770,166 ਰੁਪਏ (ਅਨਟਾਈਡ ਫੰਡ)

ਇਨ੍ਹਾਂ ਤੋਂ ਇਲਾਵਾ, ਵਿਕਾਸ ਗ੍ਰਾਂਟ ਪ੍ਰਾਪਤ ਕਰਨ ਵਾਲੇ ਹੋਰ ਮਹੱਤਵਪੂਰਨ ਜ਼ਿਲ੍ਹਿਆਂ ਵਿੱਚ ਸੰਗਰੂਰ, ਪਟਿਆਲਾ, ਜਲੰਧਰ, ਫਿਰੋਜ਼ਪੁਰ, ਫ਼ਾਜ਼ਿਲਕਾ, ਮੋਗਾ, ਸ਼ਹੀਦ ਭਗਤ ਸਿੰਘ ਨਗਰ, ਸ੍ਰੀ ਮੁਕਤਸਰ ਸਾਹਿਬ ਅਤੇ ਤਰਨਤਾਰਨ ਸ਼ਾਮਲ ਹਨ।

### ਬਿੱਟੂ 'ਤੇ ਗਲਤ ਜਾਣਕਾਰੀ ਫੈਲਾਉਣ ਦਾ ਦੋਸ਼

ਪੰਜਾਬ ਸਰਕਾਰ ਉੱਤੇ ਕੇਂਦਰੀ ਫੰਡਾਂ ਦੇ ਇਸਤੇਮਾਲ ਬਾਰੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਲਗਾਏ ਗਏ ਦੋਸ਼ਾਂ ਬਾਰੇ ਪੁੱਛੇ ਗਏ ਸਵਾਲਾਂ ਦਾ ਜਵਾਬ ਦਿੰਦੇ ਹੋਏ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰੀ ਮੰਤਰੀ ਦੀਆਂ ਟਿੱਪਣੀਆਂ ਉਨ੍ਹਾਂ ਦੀ ਜਾਣਕਾਰੀ ਦੀ ਕਮੀ ਅਤੇ SNA ਸਪਰਸ਼ ਪ੍ਰਣਾਲੀ ਦੀ ਸਮਝ ਦੀ ਘਾਟ ਨੂੰ ਦਰਸਾਉਂਦੀਆਂ ਹਨ।

ਉਨ੍ਹਾਂ ਦੱਸਿਆ ਕਿ ਇਸ ਪ੍ਰਕਿਰਿਆ ਦੇ ਤਹਿਤ, ਰਾਜ ਸਰਕਾਰ ਦੁਆਰਾ ਕੇਂਦਰ ਅਤੇ ਰਾਜ ਦੇ ਸਾਂਝੇ ਪੈਟਰਨ ਅਨੁਸਾਰ ਆਪਣਾ ਹਿੱਸਾ ਜਮ੍ਹਾ ਕਰਵਾਉਣ ਤੋਂ ਬਾਅਦ ਕੇਂਦਰ ਸਰਕਾਰ ਆਪਣਾ ਹਿੱਸਾ ਸਿੱਧੇ RBI ਦੇ ਖਾਤੇ ਵਿੱਚ ਭੇਜਦੀ ਹੈ। ਇਸ ਲਈ, SNA ਸਪਰਸ਼ ਤਰੀਕਾ ਕੇਂਦਰ ਅਤੇ ਪੰਜਾਬ ਸਰਕਾਰ ਦੋਵਾਂ ਦੇ ਫੰਡਾਂ ਤੋਂ ਰੀਅਲ-ਟਾਈਮ ਵਿੱਚ ਭੁਗਤਾਨ ਯਕੀਨੀ ਬਣਾਉਂਦਾ ਹੈ।

ਹਰਪਾਲ ਚੀਮਾ ਨੇ ਰਵਨੀਤ ਬਿੱਟੂ ਨੂੰ ਗਲਤ ਜਾਣਕਾਰੀ ਫੈਲਾਉਣ ਤੋਂ ਬਚਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਉਹ ਰਾਜਪੁਰਾ–ਚੰਡੀਗੜ੍ਹ ਰੇਲਵੇ ਲਾਈਨ ਪ੍ਰਾਜੈਕਟ ਲਈ ਕੇਂਦਰ ਸਰਕਾਰ ਵੱਲੋਂ ਰਾਜ ਨਾਲ ਸਾਂਝੀ ਕੀਤੀ ਗਈ ਲੇਆਉਟ ਯੋਜਨਾ ਨੂੰ ਜਨਤਕ ਕਰਨ।

## ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਆਨੰਦਪੁਰ ਸਾਹਿਬ 'ਚ 24 ਨਵੰਬਰ ਨੂੰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਨਵੰਬਰ
INTERNATIONAL PAPER, 94636 01616
hardipchumber57@gmail.com

ਪੰਜਾਬ ਮੰਤਰੀ ਮੰਡਲ ਨੇ ਅੱਜ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦਾ ਇੱਕ ਦਿਨ ਦਾ ਵਿਸ਼ੇਸ਼ ਸੈਸ਼ਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਬੁਲਾਏ ਜਾਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਅੱਜ ਇੱਥੇ ਹੋਈ ਕੈਬਨਿਟ ਮੀਟਿੰਗ 'ਚ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਸਕੱਤਰੇਤ ਤੋਂ ਬਾਹਰ ਸ੍ਰੀ ਅਨੰਦਪੁਰ ਸਾਹਿਬ ਵਿਖੇ 24 ਨਵੰਬਰ ਨੂੰ ਵਿਸ਼ੇਸ਼ ਸੈਸ਼ਨ ਸੱਦਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਹ ਸੈਸ਼ਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਕੇਂਦਰਿਤ ਹੋਵੇਗਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੈਬਨਿਟ 'ਚ ਲਏ ਫ਼ੈਸਲਿਆਂ ਤੋਂ ਜਾਣੂ ਕਰਾਇਆ। ਕੈਬਨਿਟ ਨੇ ਅੱਜ ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਚ ਕਰੀਬ ਤਿੰਨ ਹਜ਼ਾਰ ਮੁਲਾਜ਼ਮਾਂ ਦਾ ਵੱਖਰਾ ਕਾਰਡ ਬਣਾਉਣ ਨੂੰ ਵੀ ਪ੍ਰਵਾਨਗੀ ਦਿੱਤੀ ਹੈ ਜਿਸ ਤਹਿਤ ਪਾਵਰਕੌਮ ਅਤੇ ਸਿੰਜਾਈ ਮਹਿਕਮੇ ਦੀਆਂ ਅਸਾਮੀਆਂ ਨੂੰ ਭਰਿਆ ਜਾਵੇਗਾ। ਇਸ ਤੋਂ ਪਹਿਲਾਂ ਬੀਬੀਐੱਮਬੀ 'ਚ ਪੰਜਾਬ ਤੋਂ ਡੈਪੂਟੇਸ਼ਨ 'ਤੇ ਮੁਲਾਜ਼ਮ ਤਾਇਨਾਤ ਹੁੰਦੇ ਸਨ ਪ੍ਰੰਤੂ ਬਹੁਤੇ ਮੁਲਾਜ਼ਮ ਬੀਬੀਐੱਮਬੀ 'ਚ ਜਾਣ ਤੋਂ ਪਾਸਾ ਵੱਟਦੇ ਸਨ ਜਿਸ ਕਰਕੇ ਅਸਾਮੀਆਂ ਖ਼ਾਲੀ ਰਹਿ ਜਾਂਦੀਆਂ ਸਨ।

ਕੈਬਨਿਟ ਨੇ ਅੱਜ ਪੁੱਡਾ, ਗਮਾਡਾ ਅਤੇ ਹੋਰ ਅਥਾਰਿਟੀਆਂ ਸਮੇਤ ਪ੍ਰਾਈਵੇਟ ਡਿਵੈਲਪਰਾਂ ਨੂੰ ਵੱਡੇ ਪਲਾਂਟਾਂ ਦੀ ਵੰਡ ਕੀਤੇ ਜਾਣ ਦੀ ਛੋਟ ਦੇਣ ਲਈ ਸੋਧਾਂ ਨੂੰ ਪ੍ਰਵਾਨਗੀ



ਵੀ ਦਿੱਤੀ ਹੈ ਜਿਸ ਤਹਿਤ ਸ਼ਰਤ ਲਗਾਈ ਗਈ ਹੈ ਕਿ ਘੱਟੋ ਘੱਟ ਪਲਾਂਟ ਪੰਜ ਸੌ ਵਰਗ ਗਜ਼ ਤੋਂ ਘੱਟ ਨਾ ਹੋਵੇ। ਇਸੇ ਤਰ੍ਹਾਂ ਚਾਰ ਹਜ਼ਾਰ ਵਰਗ ਗਜ਼ ਵਾਲੀਆਂ ਡੀਲਿਸਟਿਡ ਸੰਪਤੀਆਂ 'ਚ ਚਾਰ ਸੌ ਵਰਗ ਗਜ਼ ਜਗ੍ਹਾ 'ਚ ਘਰ ਬਣਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

## ਪੱਛਮੀ ਬੰਗਾਲ ਦੇ ਉੱਤਰ ਦਿਨਾਜਪੁਰ ਤੋਂ MBBS ਵਿਦਿਆਰਥੀ ਨੂੰ ਗ੍ਰਿਫ਼ਤਾਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਨਵੰਬਰ
INTERNATIONAL PAPER, 94636 01616
hardipchumber57@gmail.com

ਦਿੱਲੀ ਦੇ Red Fort (ਲਾਲ ਕਿਲ੍ਹਾ) ਨੇੜੇ 10 ਨਵੰਬਰ ਨੂੰ ਹੋਏ ਧਮਾਕੇ ਦੇ ਮਾਮਲੇ 'ਚ, ਰਾਸ਼ਟਰੀ ਜਾਂਚ ਏਜੰਸੀ (NIA) ਨੇ ਸ਼ੁੱਕਰਵਾਰ ਸਵੇਰੇ West Bengal (ਪੱਛਮੀ ਬੰਗਾਲ) ਦੇ ਉੱਤਰ ਦਿਨਾਜਪੁਰ ਤੋਂ ਇੱਕ MBBS ਵਿਦਿਆਰਥੀ ਨੂੰ ਗ੍ਰਿਫ਼ਤਾਰ ਕੀਤਾ ਹੈ। ਵਿਦਿਆਰਥੀ ਨਿਸਾਰ ਆਲਮ 'ਤੇ ਅੱਤਵਾਦੀ ਸੰਗਠਨਾਂ ਨਾਲ ਸਬੰਧ ਰੱਖਣ ਦਾ ਸ਼ੱਕ ਹੈ। ਉਸਨੂੰ ਮੋਬਾਈਲ ਲੋਕੇਸ਼ਨ ਦੇ ਆਧਾਰ 'ਤੇ ਸੂਰਜਪੁਰ ਬਾਜ਼ਾਰ ਤੋਂ ਫੜਿਆ ਗਿਆ।

### Al-Falah University ਦਾ ਵਿਦਿਆਰਥੀ ਹੈ ਨਿਸਾਰ

ਜਾਣਕਾਰੀ ਅਨੁਸਾਰ, ਨਿਸਾਰ ਆਲਮ ਹਰਿਆਣਾ ਦੀ Al-Falah University ਦਾ ਵਿਦਿਆਰਥੀ ਹੈ ਅਤੇ ਲੁਧਿਆਣਾ (Ludhiana) 'ਚ ਰਹਿੰਦਾ ਹੈ। ਉਹ ਆਪਣੇ ਜੱਦੀ ਘਰ ਦਲਖੋਲਾ (Dalkhola) ਨੇੜੇ ਕੇਨਾਲ ਪਿੰਡ 'ਚ ਇੱਕ ਵਿਆਹ ਸਮਾਗਮ 'ਚ ਸ਼ਾਮਲ ਹੋਣ ਆਇਆ ਸੀ, ਜਿੱਥੋਂ ਵਾਪਸ ਆਉਂਦੇ ਸਮੇਂ NIA (ਐਨਆਈਏ) ਨੇ ਉਸਨੂੰ ਫੜ ਲਿਆ।

# ਪੰਜਾਬ ਸਰਕਾਰ ਵੱਲੋਂ SSP ਨੂੰ ਕੀਤਾ ਮੁਅੱਤਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਨਵੰਬਰ
INTERNATIONAL PAPER, 94636 01616
hardipchumber57@gmail.com

ਮੁਹਾਲੀ: ਪੰਜਾਬ ਸਰਕਾਰ ਨੇ ਅੰਮ੍ਰਿਤਸਰ ਦਿਹਾਤੀ ਦੇ ਐਸਐਸਪੀ ਮਨਿੰਦਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਕਾਰਵਾਈ ਜ਼ਿਲ੍ਹੇ ਵਿੱਚ ਵਧਦੀਆਂ ਗੈਂਗਸਟਰ ਗਤੀਵਿਧੀਆਂ ਅਤੇ ਉਨ੍ਹਾਂ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਕਰਨ ਵਿੱਚ ਅਸਫਲ ਰਹਿਣ ਕਾਰਨ ਕੀਤੀ ਹੈ।

ਸਰਕਾਰੀ ਸੂਤਰਾਂ ਅਨੁਸਾਰ, ਕਈ ਮਹੱਤਵਪੂਰਨ ਮਾਮਲਿਆਂ ਵਿੱਚ ਸਮੇਂ ਸਿਰ ਕਾਰਵਾਈ ਦੀ ਘਾਟ ਅਤੇ ਸੰਗਠਿਤ ਅਪਰਾਧ ਨੂੰ ਰੋਕਣ ਵਿੱਚ ਢਿੱਲ-ਮੱਠ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ। ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਸਰਕਾਰ ਨੇ ਇਹ ਸਖ਼ਤ ਕਾਰਵਾਈ ਕੀਤੀ ਹੈ।

ਆਈਪੀਐਸ ਮਨਿੰਦਰ ਸਿੰਘ 2019 ਬੈਚ ਦੇ ਅਧਿਕਾਰੀ ਹਨ। ਐਸਐਸਪੀ ਅੰਮ੍ਰਿਤਸਰ ਦਿਹਾਤੀ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ, ਉਹ ਅੰਮ੍ਰਿਤਸਰ ਸ਼ਹਿਰੀ ਪੁਲਿਸ ਕਮਿਸ਼ਨਰੇਟ ਵਿੱਚ ਸਹਾਇਕ ਪੁਲਿਸ ਕਮਿਸ਼ਨਰ ਵਜੋਂ ਤਾਇਨਾਤ ਸਨ। ਉਨ੍ਹਾਂ ਨੇ ਪਹਿਲਾਂ ਤਰਨਤਾਰਨ ਜ਼ਿਲ੍ਹੇ ਵਿੱਚ



ਪੁਲਿਸ ਸੁਪਰਡੈਂਟ (ਐਸਪੀ) ਵਜੋਂ ਸੇਵਾ ਨਿਭਾਈ। ਫਿਰ ਉਨ੍ਹਾਂ ਨੂੰ ਪੰਜਾਬ ਦੇ ਰਾਜਪਾਲ (ਏਡੀਸੀ) ਦਾ ਸਹਾਇਕ ਨਿਯੁਕਤ ਕੀਤਾ ਗਿਆ।

# CBI, ਪੰਜਾਬ ਦੇ Ex DGP ਦੇ ਘਰ ਪਹੁੰਚੀ, 8 ਘੰਟੇ ਕੀਤੀ ਜਾਂਚ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਨਵੰਬਰ
INTERNATIONAL PAPER, 94636 01616
hardipchumber57@gmail.com

ਸੀਬੀਆਈ ਦੀ ਇੱਕ ਟੀਮ ਪੰਜਾਬ ਦੇ ਸਾਬਕਾ ਡੀਜੀਪੀ ਮੁਸਤਫਾ ਦੇ ਘਰ ਪਹੁੰਚੀ। ਸੀਬੀਆਈ ਟੀਮ ਨੇ ਮੁਸਤਫਾ ਦੇ ਪੁੱਤਰ ਅਕੀਲ ਅਖਤਰ ਦੀ ਮੌਤ ਦੇ ਸਬੰਧ ਵਿੱਚ ਲਗਭਗ ਅੱਠ ਘੰਟੇ ਤੱਕ ਉਨ੍ਹਾਂ ਦੇ ਘਰ ਦੀ ਜਾਂਚ ਕੀਤੀ। ਸੀਬੀਆਈ ਨੇ ਪੰਚਕੂਲਾ ਐਮਡੀਸੀ ਸੈਕਟਰ 4, ਹਰਿਆਣਾ ਵਿੱਚ ਇਹ ਜਾਂਚ ਕੀਤੀ।

ਸੀਬੀਆਈ ਟੀਮ ਸ਼ੁੱਕਰਵਾਰ ਸਵੇਰੇ 11 ਵਜੇ ਦੇ ਕਰੀਬ ਮੁਸਤਫਾ ਦੇ ਘਰ ਪਹੁੰਚੀ ਅਤੇ ਜਾਂਚ ਤੋਂ ਬਾਅਦ ਸ਼ਾਮ 7 ਵਜੇ ਰਵਾਨਾ ਹੋ ਗਈ। ਸੀਬੀਆਈ ਟੀਮ ਦੀ ਅਗਵਾਈ ਕਰਨ ਵਾਲੇ ਡੀਐਸਪੀ ਰਿਸ਼ੀਰਾਜ ਸ਼ਰਮਾ ਮਾਮਲੇ ਦੀ ਜਾਂਚ ਕਰ ਰਹੇ ਹਨ। ਸੀਬੀਆਈ ਟੀਮ ਨੇ ਪਹਿਲਾਂ ਜਾਂਚ ਵਿੱਚ ਨੌਕਰਾਂ ਅਤੇ ਸੁਰੱਖਿਆ ਕਰਮਚਾਰੀਆਂ ਨੂੰ ਸ਼ਾਮਲ ਕੀਤਾ ਸੀ।

ਸੀਬੀਆਈ ਨੇ 6 ਨਵੰਬਰ ਨੂੰ ਮਾਮਲਾ ਦਰਜ ਕੀਤਾ ਸੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਸੀ। ਉਸੇ ਰਾਤ ਸੀਬੀਆਈ ਨੇ ਪੰਚਕੂਲਾ ਐਸਆਈਟੀ ਤੋਂ ਮਾਮਲੇ ਨਾਲ ਸਬੰਧਤ ਸਾਰੇ ਰਿਕਾਰਡ ਜ਼ਬਤ ਕਰ ਲਏ ਸਨ। 7 ਨਵੰਬਰ ਨੂੰ ਸ਼ਮਸੂਦੀਨ ਚੌਧਰੀ ਨੂੰ ਤਲਬ ਕੀਤਾ ਗਿਆ ਸੀ ਅਤੇ ਜਾਂਚ ਵਿੱਚ ਸ਼ਾਮਲ ਕੀਤਾ ਗਿਆ। ਸ਼ਮਸੂਦੀਨ ਚੌਧਰੀ ਨੇ ਸੀਬੀਆਈ ਨੂੰ ਵੀਡੀਓ ਅਤੇ ਹੋਰ ਦਸਤਾਵੇਜ਼ ਸੌਂਪੇ ਸਨ।

# ਡੇਰਾ ਸਿਰਸਾ ਪੈਰੋਕਾਰਾਂ ਨੇ ਲੋੜਵੰਦ ਪ੍ਰੀਵਾਰ ਦੇ ਘਰ ਦੀ ਛੱਤ ਦਾ ਲੈਂਟਰ ਪਾਕੇ ਦਿੱਤਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਨਵੰਬਰ
INTERNATIONAL PAPER, 94636 01616
hardipchumber57@gmail.com

ਬਠਿੰਡਾ, 15 ਨਵੰਬਰ 2025: ਡੇਰਾ ਸੱਚਾ ਸੌਦਾ ਦੀ ਸਿੱਖਿਆ ਤੇ ਚਲਦਿਆਂ ਬਲਾਕ ਬਠਿੰਡਾ ਦੇ ਏਰੀਆ ਸ਼ਹੀਦ ਬਾਬਾ ਦੀਪ ਸਿੰਘ ਨਗਰ ਦੀ ਸਾਧ ਸੰਗਤ ਨੇ ਇੱਕ ਜਰੂਰਤਮੰਦ ਪਰਿਵਾਰ ਦੇ ਘਰ ਦੀ ਛੱਤ ਦਾ ਲੈਂਟਰ ਪਾ ਕੇ ਉਸ ਦੇ ਚਿਰਾਂ ਤੋਂ ਅਧੂਰੇ ਪਏ ਸੁਪਨੇ ਨੂੰ ਪੂਰਾ ਕੀਤਾ ਹੈ ਇਸ। ਇਹ ਜਾਣਕਾਰੀ ਦਿੰਦਿਆਂ ਏਰੀਆ ਪ੍ਰੇਮੀ ਸੇਵਕ ਸਤਵੀਰ ਵਾਲੀਆ ਇੰਸਾਂ ਨੇ ਦੱਸਿਆ ਕਿ ਬਠਿੰਡਾ ਦੇ ਸ਼ਹੀਦ ਬਾਬਾ ਦੀਪ ਸਿੰਘ ਨਗਰ, ਗਲੀ ਨੰ.4/1 ਦੀ ਵਾਸੀ ਸੁਮਨ ਰਾਣੀ ਪਤਨੀ ਸਵ. ਸੁਰਿੰਦਰ ਕੁਮਾਰ ਦੇ ਪਤੀ ਦੀ ਮੌਤ ਹੋ ਗਈ ਸੀ ਜਿਸ ਤੋਂ ਬਾਅਦ ਉਸ ਦੇ ਘਰ ਦਾ ਗੁਜਾਰਾ ਬੜੀ ਮੁਸ਼ਕਿਲ ਨਾਲ ਚੱਲਦਾ ਸੀ। ਘਰ ਦੀ



ਆਰਥਿਕ ਹਾਲਤ ਨਾਜੁਕ ਹੋਣ ਕਰਕੇ ਉਹ ਆਪਣੇ ਮਕਾਨ ਦੀ ਮੁਰੰਮਤ ਵਗੈਰਾ ਕਰਵਾਉਣ ਤੋਂ ਅਸਮਰੱਥ ਸੀ।

ਬੱਚਿਆਂ ਨਾਲ ਖਸਤਾ ਹਾਲ ਛੱਤ ਵਾਲੇ ਮਕਾਨ 'ਚ ਬਹੁਤ ਹੀ ਤਰਸਯੋਗ ਹਾਲਤ ਵਿਚ ਰਹਿ ਰਹੀ ਸੀ। ਅਕਸਰ ਬਰਸਾਤਾਂ ਵਿਚ ਛੱਤ ਚੋਣ ਲੱਗ ਜਾਂਦੀ ਸੀ ਅਤੇ ਹਰ ਵੇਲੇ ਛੱਤ ਡਿੱਗਣ ਦਾ ਖਤਰਾ ਬਣਿਆ ਰਹਿੰਦਾ ਸੀ। ਇਸ ਸਬੰਧੀ ਪਤਾ ਲੱਗਣ ਤੇ ਤਕਰੀਬਨ ਦੋ ਦਰਜਨ ਸੇਵਾਦਾਰਾਂ ਨੇ ਮਿਸਤਰੀਆਂ ਦੀ ਮੱਦਦ ਨਾਲ ਇਸ ਜਰੂਰਤਮੰਦ ਪਰਿਵਾਰ ਦੇ ਘਰ ਦੀ ਛੱਤ ਦਾ ਲੈਂਟਰ ਪਾ ਕੇ ਦਿੱਤਾ। ਆਪਣੇ ਘਰ ਦੀ ਬਦਲੀ ਹੋਈ ਛੱਤ ਵੱਲ ਦੇਖ ਕੇ ਖੁਸ਼ ਹੁੰਦਿਆਂ ਸੁਮਨ ਰਾਣੀ ਅਤੇ ਬੱਚਿਆਂ ਨੇ ਕਿਹਾ ਕਿ ਸੇਵਾਦਾਰਾਂ ਨੇ ਉਨਾਂ ਦੇ ਘਰ ਦੀ ਛੱਤ ਬਦਲ ਕੇ ਉਨਾਂ ਨੂੰ ਬੇਫਿਕਰ ਕਰ ਦਿੱਤਾ ਹੈ, ਕਿਉਂਕਿ ਬਰਸਾਤਾਂ ਦੇ ਦਿਨਾਂ ਵਿਚ ਉਹ ਡਰ-ਡਰ ਕੇ ਦਿਨ-ਰਾਤ ਕੱਟਦੇ ਸਨ।

ਇਸ ਮੌਕੇ ਪ੍ਰੀਵਾਰ ਨੇ ਡੇਰਾ ਸੱਚਾ ਸੌਦਾ ਦੇ ਪ੍ਰੇਮੀਆਂ ਦਾ ਧੰਨਵਾਦ ਕੀਤਾ ਹੈ ਜਿੰਨ੍ਹਾਂ ਨੇ ਆਪਣੇ ਗੁਰੂ ਸੰਤ ਡਾ. ਗੁਰਮੀਤ ਰਾਮ ਰਹੀਮ ਸਿੰਘ ਦੀ ਸਿੱਖਿਆ ਸਦਕਾ ਉਹਨਾਂ ਦਾ ਬਹੁਤ ਵੱਡਾ ਫਿਕਰ ਮੁਕਾਇਆ ਹੈ। ਇਲਾਕਾ ਨਿਵਾਸੀਆਂ ਨੇ ਡੇਰਾ ਸੱਚਾ ਸੌਦਾ ਦੇ ਸੇਵਾਦਾਰਾਂ ਦੇ ਵੱਲੋਂ ਕੀਤੇ ਇਸ ਨੇਕ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਪ੍ਰੇਮੀ ਸੇਵਕ ਸਤਵੀਰ ਵਾਲੀਆ ਇੰਸਾਂ, ਸੱਚੀ ਪ੍ਰੇਮੀ ਸੰਮਤੀ ਸੇਵਾਦਾਰ ਇੰਦਰ ਇੰਸਾਂ, ਰਾਮ ਕਿਸ਼ੋਰ ਇੰਸਾਂ, ਅਜੈਬ ਇੰਸਾਂ, ਰੋਤਾਸ਼ ਰਾਜੂ ਇੰਸਾਂ, ਬਿਰਜ ਪਾਲ ਇੰਸਾਂ, ਤਜਿੰਦਰ ਬਿੱਟੂ ਇੰਸਾਂ, ਸੱਚੀ ਸੀਨੀਅਰ ਪ੍ਰੇਮੀ ਸੰਮਤੀ ਸੇਵਾਦਾਰ ਗੁਰਤੇਜ ਇੰਸਾਂ, ਗੁਲਸ਼ਨ ਇੰਸਾਂ, ਅੰਗਰੇਜ ਇੰਸਾਂ, ਰਾਜੂ ਇੰਸਾਂ ਮਿਸਤਰੀ, ਵਿਨੋਦ ਇੰਸਾਂ, ਅਸ਼ੋਕ ਬਿੱਟੂ ਇੰਸਾਂ ਕੋਟ ਫੱਤੇ ਵਾਲੇ, ਸ਼ਾਹ ਸਤਿਨਾਮ ਜੀ ਗਰੀਨ ਐਸ ਵੈਅਫੇਅਰ ਕਮੇਟੀ ਦੇ ਸੇਵਾਦਾਰ ਅਤੇ ਹੋਰ ਸਾਧ ਸੰਗਤ ਨੇ ਆਪਣੀ ਸੇਵਾ ਨਿਭਾਈ।

# ਨਹਿਰ ਵਿੱਚ ਕੂੜਾ ਨਾ ਸੁੱਟੋ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਨਵੰਬਰ
INTERNATIONAL PAPER, 94636 01616
hardipchumber57@gmail.com

ਸਰਹਿੰਦ ਨਹਿਰ ਵਿੱਚ ਪਾਣੀ ਬੰਦ ਹੋਣ ਤੇ ਬਠਿੰਡਾ ਸ਼ਹਿਰ ਦੇ ਪੁਲ ਕੋਲੋਂ ਪਤਾ ਲੱਗਦਾ ਹੈ ਕਿ ਲੋਕਾਂ ਨੇ ਵਹਿਮਾਂ ਭਰਮਾਂ ਦਾ ਸ਼ਿਕਾਰ ਹੋ ਕੇ ਬਹੁਤ ਹੀ ਜਿਆਦਾ ਕੂੜਾ ਕਚਰਾ ਨਹਿਰ ਵਿੱਚ ਸੁੱਟ ਦਿੱਤਾ ਹੈ। ਵੇਖਣ ਵਿੱਚ ਨਹਿਰ ਘੱਟ ਜਦਕਿ ਗੰਦਾ ਨਾਲਾ ਜਿਆਦਾ ਲੱਗਦਾ ਹੈ। ਸ਼ਹਿਰ ਦੇ ਪੜੇ ਲਿਖੇ ਲੋਕਾਂ ਵੱਲੋਂ ਇਸ ਤਰ੍ਹਾਂ ਨਹਿਰ ਵਿੱਚ ਗੰਦ ਸੁੱਟਣਾ ਬਹੁਤ ਹੀ ਬੇਸ਼ਰਮੀ ਵਾਲੀ ਗੱਲ ਹੈ। ਗੰਦ ਸੁੱਟਣ ਵਾਲੇ ਲੋਕਾਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਅੱਗੇ ਇਹੀ ਪਾਣੀ ਉਹਨਾਂ ਵਰਗੇ ਹੋਰ ਲੋਕਾਂ ਨੇ ਪੀਣਾ ਹੁੰਦਾ ਹੈ। ਅਜਿਹਾ ਗੰਦਾ ਪਾਣੀ ਪੀਣ ਨਾਲ ਲੋਕ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਪੀਣ ਯੋਗ ਪਾਣੀ ਨੂੰ ਪਲੀਤ ਕਰਨ ਵਾਲੇ ਅਜਿਹੇ ਲੋਕਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਕੁਰੀਤੀਆਂ ਨੂੰ ਠੱਲ੍ਹ ਪਾਈ ਜਾ ਸਕੇ।

ਅੰਗਰੇਜ ਸਿੰਘ ਵਿੱਕੀ,
ਪਿੰਡ ਤੇ ਡਾਕ. ਕੋਟਗੁਰੂ (ਬਠਿੰਡਾ),

# ਪੈਨਸ਼ਨਰ ਘਰ ਬੈਠੇ ਹੀ ਕਰ ਸਕਣਗੇ ਲਾਈਫ ਸਰਟੀਫਿਕੇਟ ਅਪਲੋਡ: ਜ਼ਿਲਾ ਖਜ਼ਾਨਾ ਅਫਸਰ

## ਜ਼ਿਲਾ ਖਜ਼ਾਨਾ ਦਫਤਰ ਵਿਖੇ "ਪੈਨਸ਼ਨਰ ਸੇਵਾ ਮੇਲਾ' ਜਾਰੀ,

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਨਵੰਬਰ
INTERNATIONAL PAPER, 94636 01616
hardipchumber57@gmail.com

ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਪੈਨਸ਼ਨਰਾਂ ਦੀ ਸਹੂਲਤ ਲਈ ਜ਼ਿਲਾ ਖਜ਼ਾਨਾ ਦਫਤਰ ਵਿਚ ਲਾਏ ਗਏ ਤਿੰਨ ਰੋਜ਼ਾ ਪੈਨਸ਼ਨਰ ਮੇਲੇ ਦੇ ਪਹਿਲੇ ਦੋ ਦਿਨਾਂ ਦੌਰਾਨ 500 ਤੋਂ ਵੱਧ ਪੈਨਸ਼ਨਰਾਂ ਦੀ ਈ-ਕੇ.ਯਾਈ.ਸੀ. (e-KYC) ਪ੍ਰਕਿਰਿਆ ਮੁਕੰਮਲ ਕੀਤੀ ਗਈ।

ਜਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਿਤ ਖਜ਼ਾਨਾ ਦਫ਼ਤਰ ਵਿਖੇ 13 ਨਵੰਬਰ ਤੋਂ ਸ਼ੁਰੂ ਹੋਏ ਮੇਲੇ ਬਾਰੇ ਜ਼ਿਲਾ ਖਜ਼ਾਨਾ ਅਫਸਰ ਜਤਿੰਦਰ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜ ਸਰਕਾਰ ਵੱਲੋਂ ਪੈਨਸ਼ਨਰ/ਫੈਮਲੀ ਪੈਨਸ਼ਨਰਾਂ ਦੀ ਸੁਵਿਧਾ ਲਈ 'ਪੈਨਸ਼ਨਰ ਸੇਵਾ ਪੋਰਟਲ' ਲਾਗੂ ਕੀਤਾ ਜਾ ਚੁੱਕਾ ਹੈ, ਜਿਸ ਰਾਹੀਂ



ਪੈਨਸ਼ਨਰ ਘਰ ਬੈਠੇ ਹੀ ਆਪਣਾ ਲਾਈਫ ਸਰਟੀਫਿਕੇਟ ਅਪਲੋਡ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਇਸ ਪੋਰਟਲ ਰਾਹੀਂ ਮਹੀਨਾਵਾਰ ਪੈਨਸ਼ਨ ਦੀ ਅਕਾਉਂਟਿੰਗ, ਈ-ਪੀ.ਪੀ.ਓ/ਪੈਨਸ਼ਨ ਡਾਟਾ/ਸ਼ਿਕਾਇਤ ਨਿਵਾਰਨ/ਸਕਸ਼ੈਸ਼ਨ ਮੋਡਿਊਲ ਆਦਿ ਦੀ ਵੀ ਵਿਵਸਥਾ ਉਪਲਬਧੀ ਹੈ। ਉਨ੍ਹਾਂ ਦੱਸਿਆ ਕਿ ਪੈਨਸ਼ਨਰਾਂ ਦੇ ਜੀਵਨ ਪ੍ਰਮਾਣ ਪੱਤਰ ਦੀ ਪੈਨਸ਼ਨ ਸੇਵਾ ਪੋਰਟਲ ਨਾਲ ਜੋੜਨ ਦੀ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ।

ਜ਼ਿਲਾ ਖਜ਼ਾਨਾ ਅਫਸਰ ਨੇ ਦੱਸਿਆ ਕਿ ਪੈਨਸ਼ਨਰ ਸੇਵਾ ਪੋਰਟਲ ਤਹਿਤ ਹਰੇਕ ਪੈਨਸ਼ਨਰ/ਫੈਮਲੀ ਪੈਨਸ਼ਨਰ ਦਾ ਈ-ਕੇ.ਯਾਈ.ਸੀ. (e-KYC) ਵੀ ਕਰਵਾਇਆ ਜਾਣਾ ਲਾਜ਼ਮੀ ਹੈ।ਜਿਕਰਯੋਗ ਹੈ ਕਿ ਪੈਨਸ਼ਨ ਡਿਸਬਰਸਿੰਗ ਬੈਂਕਾਂ ਵੱਲੋਂ ਡਿਜੀਟਲ ਲਾਈਫ ਸਰਟੀਫਿਕੇਟ, ਜੀਵਨ ਪ੍ਰਮਾਣ ਪੱਤਰ ਰਾਹੀਂ ਅੱਪਲੋਡ ਕਰਨ ਸਮੇਂ, ਪੈਨਸ਼ਨਰਾਂ ਦੀ e-KYC ਨਹੀਂ ਕੀਤੀ ਜਾ ਰਹੀ। ਇਸ ਲਈ "ਪੈਨਸ਼ਨਰ ਸੇਵਾ ਮੇਲਾ' ਲਾ ਕੇ ਹਰ ਪੈਨਸ਼ਨਰ ਦੀ e-KYC ਮੁਕੰਮਲ ਦੀ ਪ੍ਰਕਿਰਿਆ ਮੁਕੰਮਲ ਕੀਤੀ ਜਾ ਰਹੀ ਹੈ ਅਤੇ ਹੁਣ ਤੱਕ 500 ਤੋਂ ਵੱਧ ਪੈਨਸ਼ਨਰ ਇਸ ਸਹੂਲਤ ਦਾ ਲਾਭ ਲੈ ਚੁੱਕੇ ਹਨ । ਉਨ੍ਹਾਂ। ਨੇ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਪੈਨਸ਼ਨਰ ਸੇਵਾ ਪੋਰਟਲ ਦੀ ਸੁਵਿਧਾ ਲਈ ਸ਼ਨੀਵਾਰ ਨੂੰ ਵੀ ਖਜ਼ਾਨਾ ਦਫ਼ਤਰ ਦਾ ਸਟਾਫ ਅਤੇ ਪੈਨਸ਼ਨਰਾਂ ਮੁਹੱਈਆ ਕਰਵਾਉਣ ਵਾਲੀਆਂ ਬੈਂਕਾਂ ਦੇ ਨੁਮਾਇੰਦੇ ਮੌਜੂਦ ਰਹਿਣਗੇ ਅਤੇ ਜਿਹੜੇ ਪੈਨਸ਼ਨਰ ਰਹਿ ਗਏ ਹਨ ਉਹ ਮੇਲੇ 'ਚ ਪਹੁੰਚ ਕੇ ਇਸਦਾ ਲਾਭ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਪੈਨਸ਼ਨਰ ਮੇਲੇ ਵਿਚ ਪਹੁੰਚ ਕੇ ਆਪਣੇ-ਆਪ ਨੂੰ ਪੋਰਟਲ ਪ੍ਰਤੀ ਲਾਜ਼ਮੀ ਜਾਣੂ ਕਰਵਾਉਣ ਤਾਂ ਜੋ ਉਹ ਘਰ ਬੈਠੇ ਹੀ ਕਈ ਸੇਵਾਵਾਂ ਹਾਸਲ ਕਰ ਸਕਣ।

# ਬਲੈਕਮੇਲ ਕਰਨ ਵਾਲੇ ਗਿਰੋਹ ਦੇ 3 ਔਰਤਾਂ ਸਮੇਤ 6 ਮੁਲਜ਼ਮਾਂ ਨੂੰ ਕੀਤਾ ਗ੍ਰਿਫ਼ਤਾਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਨਵੰਬਰ
INTERNATIONAL PAPER, 94636 01616
hardipchumber57@gmail.com

ਫਰੀਦਕੋਟ : ਡਾ. ਪ੍ਰਗਿਆ ਜੈਨ ਆਈ.ਪੀ.ਐਸ (ਐਸ.ਐਸ.ਪੀ) ਫਰੀਦਕੋਟ ਦੀ ਅਗਵਾਈ ਹੇਠ ਫਰੀਦਕੋਟ ਪੁਲਿਸ ਵੱਲੋਂ ਗਲਤ ਅਨਸਰਾਂ ਖਿਲਾਫ ਜ਼ੀਰੋ ਟੌਲਰੈਂਸ ਦੀ ਨੀਤੀ ਅਪਣਾਈ ਹੋਈ ਹੈ। ਜਿਸਦੇ ਤਹਿਤ ਗਲਤ ਅਨਸਰਾਂ ਖਿਲਾਫ ਸਖਤ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ। ਇਸੇ ਲੜੀ ਤਹਿਤ ਜੋਗੇਸ਼ਵਰ ਸਿੰਘ ਐਸ.ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਦੀ ਰਹਿਨੁਮਾਈ ਹੇਠ ਕਾਰਵਾਈ ਕਰਦੇ ਹੋਏ ਫਰੀਦਕੋਟ ਪੁਲਿਸ ਵੱਲੋਂ ਬਲੈਕਮੇਲਿੰਗ ਕਰਕੇ 8 ਲੱਖ ਰੁਪਏ ਲੈਣ ਦੇ ਮਾਮਲੇ ਵਿੱਚ 3 ਮਹਿਲਾਵਾਂ ਸਮੇਤ 6 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਗ੍ਰਿਫਤਾਰ ਹੋਏ ਮੁਲਜ਼ਮਾਂ ਦੀ ਪਹਿਚਾਣ ਹਰਨੀਤ ਸਿੰਘ



ਵਾਸੀ ਘੁੱਦੂਵਾਲਾ, ਰਾਜਵਿੰਦਰ ਸਿੰਘ ਉਰਫ ਪੱਪੂ ਸਿਮਰੇਵਾਲਾ, ਵਰਿੰਦਰ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਪਿੰਡ ਸੰਗਤਪੁਰਾ, ਪਰਮਜੀਤ ਕੌਰ ਪਤਨੀ ਗੁਰਚਰਨ ਸਿੰਘ ਵਾਸੀ ਪਿੰਡ ਪਹਿਲੂਵਾਲਾ, ਲਵਪ੍ਰੀਤ ਕੌਰ ਪਤਨੀ ਗੁਲਜਾਰ ਸਿੰਘ ਵਾਸੀ ਫਰੀਦਕੋਟ ਅਤੇ ਨਵਦੀਪ ਕੌਰ ਪੁਤਰੀ ਜਸਵੀਰ ਸਿੰਘ ਵਾਸੀ ਹੀਰਾ ਸਿੰਘ ਨਗਰ ਕੋਟਕਪੂਰਾ ਵਜੋਂ ਹੋਈ ਹੈ। ਪੁਲਿਸ ਪਾਰਟੀ ਵੱਲੋਂ ਮੁਲਜ਼ਮਾਂ ਪਾਸੋਂ 8 ਲੱਖ ਰੁਪਏ ਵੀ ਬਰਾਮਦ ਕੀਤੇ।

ਜਾਣਕਾਰੀ ਅਨੁਸਾਰ ਬੀਤੇ ਦਿਨੀਂ ਫਰੀਦੋਕਟ ਪੁਲਿਸ ਦੇ ਧਿਆਨ 'ਚ ਇੱਕ ਮਾਮਲਾ ਆਇਆ ਸੀ, ਕਿ ਕਾਰੋਬਾਰੀ ਜੋ ਕਿ ਰਾਧਾ ਕ੍ਰਿਸ਼ਨ ਧਾਮ ਦੇ ਟਰੱਸਟ ਦਾ ਮੈਂਬਰ ਹੈ ਨੂੰ ਮਿਤੀ 9 ਨਵੰਬਰ ਨੂੰ ਕਾਲ ਆਈ ਸੀ, ਜੋ ਇੱਕ ਔਰਤ ਬੋਲ ਰਹੀ ਸੀ ਜਿਸ ਨੇ ਕਿਹਾ ਕਿ ਤੁਹਾਡੇ ਆਸ਼ਰਮ ਵਿੱਚ ਗਲਤ ਕੰਮ ਹੁੰਦੇ ਹਨ ਅਤੇ ਉਨ੍ਹਾਂ ਦੇ ਮੇਰੇ ਕੋਲ ਸਬੂਤ ਹਨ। ਤੁਸੀ ਮੈਨੂੰ ਡੈਂਟਲ ਕਾਲਜ ਦੇ ਨੇੜੇ ਆ ਕੇ ਮਿਲੋ ਅਤੇ ਮੁਦਈ ਉਸ ਔਰਤ ਨੂੰ ਮਿਲਣ ਚਲਾ ਗਿਆ। ਜਦੋਂ ਉਸ ਨੂੰ ਪੁੱਛਿਆ ਕਿ ਤੇਰੇ ਕੋਲ ਆਸ਼ਰਮ ਬਾਰੇ ਕੀ ਸਬੂਤ ਹਨ ਤਾਂ ਉਕਤ ਔਰਤ ਨੇ ਕਿਹਾ ਕਿ ਮੇਰੇ ਕੋਲ ਕੋਈ ਸਬੂਤ ਨਹੀਂ। ਔਰਤ ਨੇ ਕਿਹਾ ਕਿ ਮੇਰਾ ਬਾਹਰ ਦਾ ਵੀਜ਼ਾ ਲੱਗਿਆ ਹੈ ਅਤੇ ਤੁਸੀਂ ਮੈਨੂੰ 2-3 ਲੱਖ ਰੁਪਏ ਦਿਓ ਅਤੇ ਮੇਰੀ ਮਦਦ ਕਰੋ। ਇਸ ਤੋਂ ਬਾਅਦ ਰਾਧਾ ਕ੍ਰਿਸ਼ਨ ਨੇ ਔਰਤ ਨੂੰ ਗੱਡੀ ਵਿਚੋਂ ਉਤਾਰ ਦਿੱਤਾ।

ਇਸ ਤੋਂ ਬਾਅਦ ਰਾਧਾ ਕ੍ਰਿਸ਼ਨ ਨੂੰ ਲੜਕੀ ਨੂੰ ਕਾਰ 'ਚ ਬਿਠਾਉਣ ਕਰਕੇ ਰਿਸ਼ਤਾ ਟੁੱਟਣ ਦੀ ਕਾਰਵਾਈ ਕਰਵਾਉਣ ਦੀ ਧਮਕੀ ਦਿੱਤੀ ਅਤੇ ਰਾਜ਼ੀਨਾਮੇ ਲਈ 15 ਲੱਖ ਰੁਪਏ ਦੀ ਮੰਗ ਕੀਤੀ ਅਤੇ ਮਾਮਲਾ 8 ਲੱਖ ਰੁਪਏ ਵਿਚ ਤੈਅ ਹੋ ਗਿਆ। ਮੁਲਜ਼ਮਾਂ ਵੱਲੋਂ ਰਾਧਾ ਕ੍ਰਿਸ਼ਨ ਦੇ ਪਰਿਵਾਰ ਨੂੰ ਨੁਕਸਾਨ ਪਹੁੰਚਾਉਣ ਅਤੇ ਮੇਰੀ ਵੀਡੀਓ ਵਾਇਰਲ ਕਰਨ ਅਤੇ ਮੁਕੱਦਮਾ ਕਰਵਾਉਣ ਦਾ ਡਰਾਵਾ ਦੇ ਕੇ 8 ਲੱਖ ਰੁਪਏ ਹਾਸਲ ਕੀਤੇ। ਥਾਣਾ ਸਦਰ ਫਰੀਦਕੋਟ ਨੇ ਦਰਜ ਮਾਮਲੇ 'ਤੇ ਕਾਰਵਾਈ ਕਰਦੇ ਹੋਏ 3 ਮਹਿਲਾਵਾਂ ਸਮੇਤ 6 ਮੁਲਜ਼ਮਾਂ ਨੂੰ ਪੈਲੀਕਨ ਪਲਾਜ਼ਾ ਨੇੜਿਓਂ ਗ੍ਰਿਫ਼ਤਾਰ ਕੀਤਾ। ਇਨ੍ਹਾਂ ਕੋਲੋਂ ਬਲੈਕਮੇÇਲੰਗ ਕਰਕੇ ਲਏ ਗਏ 8 ਲੱਖ ਰੁਪਏ ਵੀ ਬਰਾਮਦ ਕੀਤੇ ਗਏ।

# ਸਰਪੰਚਾਂ ਦੇ ਮਾਣ ਭੱਤੇ ਨੂੰ ਲੈ ਕੇ ਪੰਜਾਬ ਸਰਕਾਰ ਦੇ ਨਵੇਂ ਹੁਕਮ ਜਾਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਨਵੰਬਰ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ, 15 ਨਵੰਬਰ 2025 : ਪੰਜਾਬ ਸਰਕਾਰ ਨੇ ਸਰਪੰਚਾਂ ਦੇ ਵਧਾਏ ਗਏ ਮਾਣ ਭੱਤੇ ਨੂੰ ਲੈ ਕੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਨ੍ਹਾਂ ਨਵੇਂ ਹੁਕਮਾਂ ਵਿੱਚ ਪੰਚਾਇਤਾਂ ਦੀ ਆਮਦਨੀ ਦੇ ਆਧਾਰ 'ਤੇ ਮਾਣ ਭੱਤੇ ਦੀ ਅਦਾਇਗੀ ਬਾਰੇ ਸਪੱਸ਼ਟਤਾ ਦਿੱਤੀ ਗਈ ਹੈ।

ਫੰਡ ਵਾਲੀਆਂ ਪੰਚਾਇਤਾਂ: ਜਿਨ੍ਹਾਂ ਪੰਚਾਇਤਾਂ ਕੋਲ ਆਪਣੇ ਫੰਡ ਮੌਜੂਦ ਹਨ ਅਤੇ ਆਮਦਨੀ ਦਾ ਸਾਧਨ ਹੈ, ਉਹ ਸਰਪੰਚਾਂ ਦਾ ਮਾਣ ਭੱਤਾ ਖੁਦ ਹੀ ਜਨਰੇਟ ਕਰਕੇ ਅਦਾ ਕਰ ਸਕਦੀਆਂ ਹਨ।

ਆਮਦਨੀ ਰਹਿਤ ਪੰਚਾਇਤਾਂ: ਜਿਹੜੀਆਂ ਪੰਚਾਇਤਾਂ ਕੋਲ ਕੋਈ ਆਮਦਨੀ ਦਾ ਸਾਧਨ ਨਹੀਂ ਹੈ ਜਾਂ ਫੰਡ ਦੀ ਕਮੀ ਹੈ, ਉਨ੍ਹਾਂ ਪੰਚਾਇਤਾਂ ਲਈ ਮਾਣ ਭੱਤੇ ਦਾ ਪ੍ਰਬੰਧ ਬਲਾਕ ਸੰਮਤੀ ਨੂੰ ਕਰਨਾ ਪਵੇਗਾ।

ਇਸ ਫੈਸਲੇ ਦਾ ਮਤਲਬ ਹੈ ਕਿ ਪੰਚਾਇਤਾਂ ਨੂੰ ਉਨ੍ਹਾਂ ਦੀ ਵਿੱਤੀ ਸਥਿਤੀ ਦੇ ਆਧਾਰ 'ਤੇ ਮਾਣ ਭੱਤੇ ਲਈ ਵੱਖਰੇ ਤਰੀਕੇ ਨਾਲ ਫੰਡ ਮੁਹੱਈਆ ਕਰਵਾਏ ਜਾਣਗੇ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਨਵੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਸਾਰੀਆਂ ਸਿਆਸੀ ਪਾਰਟੀਆਂ ਨੂੰ ਇਕਜੁੱਟ ਹੋ ਕੇ ਹਿੰਦੀ ਰਾਜਨੀਤੀ ਦੀ ਕਮਾਨ ਸੰਭਾਲਣੀ ਚਾਹੀਦੀ ਹੈ।

ਐਤਵਾਰ, 2 ਅਪ੍ਰੈਲ, 1939 ਨੂੰ, ਮੁੰਬਈ ਨਗਰ ਨਿਗਮ ਦੀਆਂ ਚੋਣਾਂ ਵਿੱਚ ਜਿੱਤਣ ਵਾਲੇ ਕੁਝ ਹਿੰਦੂ ਕਾਰਪੋਰੇਟਰਾਂ ਨੂੰ ਵਿਲੇ ਪਾਰਲੇ, ਮੁੰਬਈ ਦੇ ਲੋਕਸ਼ਾਹੀ ਸਵਰਾਜ ਪੱਖ ਦੁਆਰਾ ਜਨਤਕ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸ਼੍ਰੀ ਰਾਮਭਾਉ



ਟਟਨਿਸ, ਐਡ ਤਲਪੜੇ, ਪੀ. ਦੌਂਦੇ, ਸ਼੍ਰੀ ਭਗਵੰਤਰਾਓ ਪਾਰਲਕਰ ਅਤੇ ਡੀ.ਵੀ.ਪ੍ਰਧਾਨ ਆਦਿ ਮੈਂਬਰ ਹਾਜ਼ਰ ਸਨ। ਇਸ ਪ੍ਰੋਗਰਾਮ ਵਿੱਚ ਡਾ: ਬਾਬਾ ਸਾਹਿਬ ਅੰਬੇਡਕਰ ਨੂੰ ਵਿਸ਼ੇਸ਼ ਤੌਰ 'ਤੇ ਸੱਦਿਆ ਗਿਆ ਸੀ। ਸ਼ੁਰੂ ਵਿੱਚ ਕੁਝ ਲੋਕਾਂ ਨੇ ਸ਼ੁਭਕਾਮਨਾਵਾਂ ਦੇ ਜਵਾਬ ਵਿੱਚ ਭਾਸ਼ਣ ਦਿੱਤੇ। ਉਪਰੰਤ ਡਾ: ਅੰਬੇਡਕਰ ਨੂੰ ਬੋਲਣ ਦੀ ਬੇਨਤੀ ਕੀਤੀ ਗਈ। ਆਪਣੇ ਭਾਸ਼ਣ ਵਿਚ ਗਾਂਧੀ ਯੁੱਗ ਤੋਂ ਪਹਿਲਾਂ ਦੀ ਹਿੰਦੀ ਰਾਜਨੀਤਿਕ ਸਥਿਤੀ ਦਾ ਵਿਸ਼ਲੇਸ਼ਣ ਕਰਦੇ ਹੋਏ ਉਨ੍ਹਾਂ ਕਿਹਾ ਕਿ-

ਗਾਂਧੀ ਯੁੱਗ ਦੀ ਸ਼ੁਰੂਆਤ ਤੋਂ ਪਹਿਲਾਂ, ਇਹ ਦੋ ਪਾਰਟੀਆਂ, ਮੱਧਮ ਅਤੇ ਕੱਟੜਪੰਥੀ, ਭਾਰਤ ਵਿੱਚ ਪ੍ਰਮੁੱਖ ਸਨ। ਨਰਮ ਪੱਖ ਨੇ ਬੁੱਧੀ ਅਤੇ ਅਧਿਐਨਸ਼ੀਲ ਬੁੱਧੀ 'ਤੇ ਵਧੇਰੇ ਜ਼ੋਰ ਦਿੱਤਾ। ਸੋ, ਕੱਟੜ ਟੋਲੇ ਨੇ ਇਸ ਗੱਲ ਨੂੰ ਵਧੇਰੇ ਮਹੱਤਵ ਦਿੱਤਾ ਕਿ ਜੇਕਰ ਦੇਸ਼ ਲਈ ਅਲੌਕਿਕ ਹਿੱਤਾਂ ਦੀ ਕੁਰਬਾਨੀ ਕਰਨੀ ਪਵੇ ਤਾਂ ਆਪਣੀ ਜਾਨ ਵੀ ਕੁਰਬਾਨ ਨਹੀਂ ਕਰਨੀ ਚਾਹੀਦੀ। ਪਰ, ਗਾਂਧੀ ਯੁੱਗ ਤੋਂ ਇਹ ਦ੍ਰਿਸ਼ ਪੂਰੀ ਤਰ੍ਹਾਂ ਬਦਲ ਗਿਆ।

ਪਖੰਡੀਆਂ ਨੇ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ। ਆਪਣੇ ਸਿਰ 'ਤੇ ਦੋ ਆਨੇ ਦੀ ਗਾਂਧੀ ਟੋਪੀ ਪਾ ਕੇ, ਉਸਨੇ ਐਲਾਨ ਕੀਤਾ ਕਿ ਉਹ ਗਾਂਧੀ ਦਾ ਦਾਸ ਹੈ ਅਤੇ ਇਸ ਤਰ੍ਹਾਂ ਉਹ ਬਣ ਗਿਆ ਦੇਸ਼ ਭਗਤ। ਇਸ ਕਾਰਨ ਹਿੰਦੀ ਸਿਆਸਤ ਵਿੱਚ ਸਵਾਰਥੀ ਭਾਰੂ ਹੋ ਗਏ। ਅੱਜ ਉਹ ਜਿਸ ਸ਼ੁੱਧੀਕਰਨ ਦੀ ਗੱਲ ਕਰ ਰਹੇ ਹਨ, ਉਸ ਲਈ ਗਾਂਧੀ ਜੀ ਖੁਦ ਜ਼ਿੰਮੇਵਾਰ ਹਨ। ਇਸ ਤਰ੍ਹਾਂ ਇਕ ਗੰਦਗੀ ਤੋਂ ਦੂਜੀ ਗੰਦਗੀ ਦਾ ਪੈਦਾ ਹੋਣਾ ਲਾਜ਼ਮੀ ਸੀ ਅਤੇ ਇਹਨਾਂ ਦਾ ਆਪਸ ਵਿੱਚ ਮਿਲਣਾ ਤਹਿ ਸੀ।

ਕਾਂਗਰਸ ਦੇ ਨਾ-ਮਿਲਵਰਤਣ ਅੰਦੋਲਨ ਕਾਰਨ ਹਜ਼ਾਰਾਂ ਲੋਕ ਜੇਲ੍ਹਾਂ ਵਿਚ ਚਲੇ ਗਏ। ਉਹ ਉਸ ਕੈਦ ਦੀ ਮਹਾਨਤਾ ਨੂੰ ਖੁੱਲੀ ਆਵਾਜ਼ ਨਾਲ ਗਾਉਂਦੇ ਹਨ। ਪਰ ਇਨ੍ਹਾਂ ਕੈਦਾਂ ਦੌਰਾਨ ਔਰਤਾਂ ਦਾ ਜਿਨਸੀ ਸੁੱਖ ਭੋਗਣ ਦੀਆਂ ਉਦਾਹਰਣਾਂ ਨੂੰ ਦੇਖ ਕੇ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਇਹ ਇੱਕ ਅਸਲੀ ਕਠੋਰ ਕੈਦ ਸੀ?

ਅਸਲ ਕਲੇਸ਼ ਅਤੇ ਦੁੱਖ ਜੋ ਤਿਲਕ ਨੇ ਝੱਲੇ ਹਨ, ਨੂੰ ਲਓ। ਉਸ ਦੀ ਕੈਦ ਦੀ ਤੁਲਨਾ ਕਾਂਗਰਸੀ ਆਗੂਆਂ ਦੀ ਕੈਦ ਨਾਲ ਕਰਨੀ ਅਸੰਭਵ ਹੈ। ਉਨ੍ਹਾਂ ਦੇ ਕੈਦ ਦੌਰਾਨ ਹੋਏ ਤਜ਼ਰਬੇ ਦੇਖ ਕੇ ਅੱਖਾਂ ਵਿੱਚੋਂ ਲਹੂ ਦੀਆਂ ਬੂੰਦਾਂ ਵੀ ਹੰਝੂ ਵਹਿ ਤੁਰਨਾ ਸੰਭਵ ਹਨ। ਕਾਂਗਰਸ ਦੀ ਸੱਤਾ ਦਾ ਮਤਲਬ ਤਾਨਾਸ਼ਾਹੀ ਹੈ ਅਤੇ ਇਸ ਲਈ ਚੋਣ ਹਲਕੇ ਜ਼ਿੰਮੇਵਾਰ ਹਨ। ਇਸ ਲਈ ਹੁਣ ਉਹਨਾਂ ਦੇ ਦੁਆਰਾ ਉਸ ਨੂੰ ਕਾਂਗਰਸ ਦੀ ਸਿਆਸੀ ਨਾਕਾਮੀ ਕਹਿ ਕੇ ਕੋਸਣਾ ਪੈ ਰਿਹਾ ਹੈ। ਇਸ ਦਾ ਇੱਕੋ ਇੱਕ ਹੱਲ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਇੱਕਜੁੱਟ ਹੋ ਕੇ ਕਾਂਗਰਸ ਦੇ ਪਖੰਡ ਦਾ ਪਰਦਾਫਾਸ਼ ਕਰਨ। ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਇੱਕਜੁੱਟ ਹੋ ਕੇ ਇੱਕ ਸੰਗਠਨ ਬਣਾਉਣਾ ਚਾਹੀਦਾ ਹੈ ਅਤੇ ਹਿੰਦੀ ਰਾਜਨੀਤੀ ਦੀ ਜ਼ਿੰਮੇਵਾਰੀ ਨੂੰ ਬਿਨਾਂ ਕਿਸੇ ਝਿਜਕ ਦੇ ਆਪਣੇ ਹੱਥਾਂ ਵਿੱਚ ਲੈਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਮੁੰਬਈ ਅਸੈਂਬਲੀ ਦਾ ਅੱਜ ਦਾ ਨਜ਼ਾਰਾ ਦੇਖੋ, ਵਿਧਾਨ ਸਭਾ ਦੇ ਕਾਂਗਰਸੀ ਮੈਂਬਰਾਂ ਨੂੰ ਦੇਖੋ- ਕੀ ਤੁਸੀਂ ਸੋਚੋਗੇ ਕਿ ਇਹ ਕਿੰਗ ਐਡਵਰਡ ਹਸਪਤਾਲ ਦਾ ਵਾਰਡ ਅਪਾਹਜਾਂ, ਲੰਗੜਿਆਂ, ਅੰਨਿਆਂ ਅਤੇ ਬਜ਼ੁਰਗਾਂ ਲਈ ਨਹੀਂ ਹੈ?

## ਡਾ. ਅੰਬੇਡਕਰ ਦਾ ਭਾਸ਼ਣ: ਗਾਂਧੀਵਾਦੀ ਰਾਜਨੀਤੀ ਦੀ ਆਲੋਚਨਾ ਅਤੇ ਇੱਕਜੁੱਟ ਵਿਰੋਧੀ ਧਿਰ ਦਾ ਸੱਦਾ

(ਇੰਜੀ. ਹਰਦੀਪ ਸਿੰਘ ਚੁੰਬਰ)

### ਕਾਰਜਕਾਰੀ ਸੰਖੇਪ

2 ਅਪ੍ਰੈਲ, 1939 ਨੂੰ, ਡਾ. ਬਾਬਾ ਸਾਹਿਬ ਅੰਬੇਡਕਰ ਨੇ ਮੁੰਬਈ ਵਿੱਚ ਆਯੋਜਿਤ ਇੱਕ ਪੁਰਸਕਾਰ ਸਮਾਰੋਹ ਵਿੱਚ ਇੱਕ ਮਹੱਤਵਪੂਰਨ ਭਾਸ਼ਣ ਦਿੱਤਾ, ਜਿਸ ਵਿੱਚ ਗਾਂਧੀਵਾਦੀ ਯੁੱਗ ਦੀ ਰਾਜਨੀਤੀ ਦੀ ਤਿੱਖੀ ਆਲੋਚਨਾ ਕੀਤੀ ਗਈ। ਉਨ੍ਹਾਂ ਦਲੀਲ ਦਿੱਤੀ ਕਿ ਗਾਂਧੀਵਾਦੀ ਯੁੱਗ ਦੇ ਆਗਮਨ ਨੇ ਭਾਰਤੀ ਰਾਜਨੀਤੀ ਵਿੱਚ ਪਖੰਡ ਅਤੇ ਮੌਕਾਪ੍ਰਸਤੀ ਨੂੰ ਜਨਮ ਦਿੱਤਾ ਹੈ, ਜੋ ਕਿ ਗਾਂਧੀ-ਪੂਰਵ ਦੀਆਂ ਉਦਾਰਵਾਦੀ ਅਤੇ ਕੱਟੜਪੰਥੀ ਪਾਰਟੀਆਂ ਦੇ ਬੌਧਿਕ ਅਤੇ ਕੁਰਬਾਨੀ-ਮੁਖੀ ਪਹੁੰਚ ਦੇ ਉਲਟ ਹੈ। ਡਾ. ਅੰਬੇਡਕਰ ਨੇ ਅਸਹਿਯੋਗ ਅੰਦੋਲਨ ਦੌਰਾਨ ਕਾਂਗਰਸੀ ਨੇਤਾਵਾਂ ਦੁਆਰਾ ਕੀਤੇ ਗਏ ਕੈਦ ਦੇ ਦਾਅਵਿਆਂ 'ਤੇ ਸਵਾਲ ਉਠਾਏ, ਉਨ੍ਹਾਂ ਨੂੰ ਲੋਕਮਾਨਿਆ ਤਿਲਕ ਦੁਆਰਾ ਸਹਿਣ ਕੀਤੇ ਗਏ ਅਸਲ ਦੁੱਖਾਂ ਦੇ ਮੁਕਾਬਲੇ ਮਾਮੂਲੀ ਦੱਸਿਆ। ਉਨ੍ਹਾਂ ਨੇ ਕਾਂਗਰਸ ਦੇ ਸ਼ਾਸਨ ਨੂੰ "ਤਾਨਾਸ਼ਾਹੀ" ਕਰਾਰ ਦਿੱਤਾ ਅਤੇ ਇਸਦੀ ਸਫਲਤਾ ਦਾ ਸਿਹਰਾ ਵੋਟਰਾਂ ਨੂੰ ਦਿੱਤਾ। ਅੰਤ ਵਿੱਚ, ਉਨ੍ਹਾਂ ਨੇ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਇੱਕਜੁੱਟ ਹੋਣ ਅਤੇ ਕਾਂਗਰਸ ਦੇ "ਪਖੰਡ" ਨੂੰ ਬੇਨਕਾਬ ਕਰਨ ਅਤੇ ਭਾਰਤੀ ਰਾਜਨੀਤੀ ਦੀ ਅਗਵਾਈ ਸੰਭਾਲਣ ਲਈ ਇੱਕ ਮਜ਼ਬੂਤ ਸੰਗਠਨ ਬਣਾਉਣ ਦਾ ਸੱਦਾ ਦਿੱਤਾ।

### ਪਿਛੋਕੜ ਅਤੇ ਸੰਦਰਭ

ਇਹ ਵਿਸ਼ਲੇਸ਼ਣ 8 ਅਪ੍ਰੈਲ, 1939 ਨੂੰ 'ਜਨਤਾ' ਅਖਬਾਰ ਵਿੱਚ ਪ੍ਰਕਾਸ਼ਿਤ ਇੱਕ ਲੇਖ 'ਤੇ ਅਧਾਰਤ ਹੈ, ਜਿਸ ਵਿੱਚ ਡਾ. ਅੰਬੇਡਕਰ ਦੇ ਭਾਸ਼ਣ ਦਾ ਵੇਰਵਾ ਦਿੱਤਾ ਗਿਆ ਹੈ।

* ਸਮਾਗਮ: ਮੁੰਬਈ ਨਗਰ ਨਿਗਮ ਦੀਆਂ ਚੋਣਾਂ ਜਿੱਤਣ ਵਾਲੇ ਕੁਝ ਹਿੰਦੂ ਕਾਰਪੋਰੇਟਰਾਂ ਲਈ ਇੱਕ ਜਨਤਕ ਸਨਮਾਨ ਸਮਾਰੋਹ।
* ਮਿਤੀ: ਐਤਵਾਰ, 2 ਅਪ੍ਰੈਲ, 1939
* ਸਥਾਨ: ਵਿਲੇ ਪਾਰਲੇ, ਮੁੰਬਈ
* ਪ੍ਰਬੰਧਕ: ਲੋਕਸ਼ਾਹੀ ਸਵਰਾਜ ਪੱਖ
* ਮੁੱਖ ਮਹਿਮਾਨ: ਡਾ. ਬਾਬਾ ਸਾਹਿਬ ਅੰਬੇਡਕਰ
* ਮੌਜੂਦ ਹੋਰ ਪਤਵੰਤੇ:
* ਸ਼੍ਰੀ ਰਾਮਭਾਊ ਤਤਨਿਸ
* ਐਡਵੋਕੇਟ ਤਲਪੜੇ
* ਪੀ. ਦੌਂਡੇ
* ਸ਼੍ਰੀ ਭਗਵੰਤਰਾਓ ਪਾਰਲੇਕਰ
* ਡੀ.ਵੀ. ਪ੍ਰਧਾਨ

### ਡਾ. ਅੰਬੇਡਕਰ ਦੇ ਭਾਸ਼ਣ ਦਾ ਵਿਸਤ੍ਰਿਤ ਵਿਸ਼ਲੇਸ਼ਣ

### ਗਾਂਧੀ ਯੁੱਗ ਤੋਂ ਪਹਿਲਾਂ ਦੀ ਰਾਜਨੀਤੀ

ਡਾ. ਅੰਬੇਡਕਰ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ ਗਾਂਧੀ ਯੁੱਗ ਤੋਂ ਪਹਿਲਾਂ ਦੇ ਭਾਰਤੀ ਰਾਜਨੀਤਿਕ ਦ੍ਰਿਸ਼ ਦਾ ਵਿਸ਼ਲੇਸ਼ਣ ਕਰਕੇ ਕੀਤੀ। ਇਸ ਸਮੇਂ ਦੌਰਾਨ ਮੁੱਖ ਤੌਰ 'ਤੇ ਦੋ ਪ੍ਰਮੁੱਖ ਰਾਜਨੀਤਿਕ ਵਿਚਾਰਧਾਰਾਵਾਂ ਸਨ:

* ਮੱਧਮ (ਮੱਧਮ): ਇਸ ਪਾਰਟੀ ਨੇ ਬੁੱਧੀ, ਤਰਕ ਅਤੇ ਅਧਿਐਨ-ਅਧਾਰਤ ਪਹੁੰਚ 'ਤੇ ਬਹੁਤ ਜ਼ੋਰ ਦਿੱਤਾ।
* ਕੱਟੜਪੰਥੀ (ਅੱਤਵਾਦੀ): ਇਸ ਪਾਰਟੀ ਨੇ ਦੇਸ਼ ਲਈ ਸਰਵਉੱਚ ਕੁਰਬਾਨੀ ਦੇ ਸਿਧਾਂਤ ਦੀ ਕਦਰ ਕੀਤੀ, ਜਿਸ ਵਿੱਚ ਆਪਣੀ ਜਾਨ ਦੀ ਕੁਰਬਾਨੀ ਵੀ ਸ਼ਾਮਲ ਹੈ।

### ਗਾਂਧੀਵਾਦੀ ਯੁੱਗ ਦਾ ਆਗਮਨ ਅਤੇ ਰਾਜਨੀਤੀ ਦਾ ਪਤਨ

ਡਾ. ਅੰਬੇਡਕਰ ਦੇ ਅਨੁਸਾਰ, ਗਾਂਧੀਵਾਦੀ ਯੁੱਗ ਦੀ ਸ਼ੁਰੂਆਤ ਦੇ ਨਾਲ ਰਾਜਨੀਤਿਕ ਦ੍ਰਿਸ਼ ਪੂਰੀ ਤਰ੍ਹਾਂ ਬਦਲ ਗਿਆ, ਜਿਸ ਨਾਲ ਕਈ ਨਕਾਰਾਤਮਕ ਰੁਝਾਨ ਉਭਰ ਆਏ:

* ਪਖੰਡ ਦਾ ਪ੍ਰਵੇਸ਼: "ਕਪਟੀਆਂ" ਨੇ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ।
* ਸਤਹੀ ਦੇਸ਼ਭਗਤੀ: ਦੇਸ਼ਭਗਤ ਕਹਾਉਣ ਲਈ, ਸਿਰਫ਼ "ਦੋ-ਆਨੇ ਗਾਂਧੀ ਟੋਪੀ" ਪਹਿਨਣਾ ਅਤੇ ਗਾਂਧੀ ਦਾ ਪੈਰੋਕਾਰ ਹੋਣ ਦਾ ਦਿਖਾਵਾ ਕਰਨਾ ਕਾਫ਼ੀ ਹੋ ਗਿਆ।
* ਮੌਕਾਪ੍ਰਸਤੀ ਦਾ ਉਭਾਰ: ਇਸ ਮਾਹੌਲ ਨੇ ਭਾਰਤੀ ਰਾਜਨੀਤੀ ਵਿੱਚ ਸਵਾਰਥੀ ਮੌਕਾਪ੍ਰਸਤਾਂ ਨੂੰ ਉਤਸ਼ਾਹਿਤ ਕੀਤਾ।
* ਗਾਂਧੀ ਦੀ ਜ਼ਿੰਮੇਵਾਰੀ: ਡਾ. ਅੰਬੇਡਕਰ ਨੇ ਦਲੀਲ ਦਿੱਤੀ ਕਿ ਗਾਂਧੀ ਜਿਸ ਰਾਜਨੀਤਿਕ "ਸ਼ੁੱਧੀਕਰਨ" (ਸਫਾਈ) ਦੀ ਗੱਲ ਕਰਦੇ ਸਨ, ਉਸ ਦੀ ਗੰਦਗੀ ਅਤੇ ਅਪਵਿੱਤਰਤਾ ਲਈ ਗਾਂਧੀ ਖੁਦ ਜ਼ਿੰਮੇਵਾਰ ਸਨ।

### ਕਾਂਗਰਸ ਅਤੇ ਇਸਦੀਆਂ ਲਹਿਰਾਂ ਦੀ ਤਿੱਖੀ ਆਲੋਚਨਾ

ਡਾ. ਅੰਬੇਡਕਰ ਨੇ ਕਾਂਗਰਸ ਪਾਰਟੀ ਅਤੇ ਇਸਦੀਆਂ ਲਹਿਰਾਂ 'ਤੇ ਤਿੱਖਾ ਹਮਲਾ ਕੀਤਾ, ਖਾਸ ਕਰਕੇ ਕੈਦ ਦੇ ਆਪਣੇ ਅਨੁਭਵਾਂ ਬਾਰੇ।

* ਕੈਦ ਦੀ ਵਡਿਆਈ: ਉਸਨੇ ਕਿਹਾ ਕਿ ਕਾਂਗਰਸ ਦੇ ਅਸਹਿਯੋਗ ਅੰਦੋਲਨ ਕਾਰਨ ਹਜ਼ਾਰਾਂ ਲੋਕਾਂ ਨੂੰ ਕੈਦ ਕੀਤਾ ਗਿਆ ਸੀ, ਅਤੇ ਉਹ ਆਪਣੀ ਕੈਦ ਦੀ ਖੁੱਲ੍ਹ ਕੇ ਵਡਿਆਈ ਕਰਦੇ ਹਨ।
* ਕੈਦ ਦੀ ਅਸਲੀਅਤ 'ਤੇ ਸਵਾਲ ਉਠਾਉਂਦੇ ਹੋਏ: ਉਸਨੇ ਇਹਨਾਂ ਦਾਅਵਿਆਂ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਜੇਲ੍ਹ ਵਿੱਚ "ਔਰਤਾਂ ਦੇ ਸੁੱਖਾਂ ਵਿੱਚ ਭੋਗ" ਦੀਆਂ ਉਦਾਹਰਣਾਂ ਸਾਹਮਣੇ ਆਈਆਂ ਸਨ, ਜਿਸ ਨਾਲ ਇਹ ਸਵਾਲ ਉੱਠਿਆ ਕਿ ਇਹ ਕੈਦ ਅਸਲ ਵਿੱਚ ਕਿੰਨੀ "ਔਖੀ" ਜਾਂ ਦਰਦਨਾਕ ਸੀ।
* ਲੋਕਮਾਨਿਆ ਤਿਲਕ ਨਾਲ ਤੁਲਨਾ: ਉਸਨੇ ਕਾਂਗਰਸੀ ਆਗੂਆਂ ਦੀ ਕੈਦ ਦੀ ਤੁਲਨਾ ਲੋਕਮਾਨਿਆ ਤਿਲਕ ਦੁਆਰਾ ਸਹਿਣ ਕੀਤੇ ਗਏ "ਅਸਲੀ ਦੁੱਖ ਅਤੇ ਦਰਦ" ਨਾਲ ਕੀਤੀ। ਉਨ੍ਹਾਂ ਕਿਹਾ ਕਿ ਤਿਲਕ ਦੇ ਕੈਦ ਦੇ ਅਨੁਭਵ ਇੰਨੇ ਦਰਦਨਾਕ ਸਨ ਕਿ ਅੱਖਾਂ ਵਿੱਚੋਂ ਖੂਨ ਦੇ ਹੰਝੂ ਵੀ ਵਹਿ ਸਕਦੇ ਸਨ, ਅਤੇ ਦੋਵਾਂ ਦੀ ਤੁਲਨਾ ਕਰਨਾ "ਅਸੰਭਵ" ਸੀ।

### ਕਾਂਗਰਸ ਰਾਜ: ਉਨ੍ਹਾਂ ਨੇ ਕਾਂਗਰਸ ਰਾਜ ਦੀ ਤੁਲਨਾ "ਤਾਨਾਸ਼ਾਹੀ" ਨਾਲ ਕੀਤੀ।

"ਇਕੁਐਲਿਟੀ ਐਂਡ ਜਸਟਿਸ"
"Equality and Justice" ਸੁਤੰਤਰਤਾ, ਸਮਾਨਤਾ, ਭਾਈਚਾਰਾ

ਵੋਟਰਾਂ ਦੀ ਭੂਮਿਕਾ: ਉਨ੍ਹਾਂ ਨੇ ਇਸ ਸਥਿਤੀ ਲਈ ਸਿੱਧੇ ਤੌਰ 'ਤੇ ਹਲਕਿਆਂ (ਵੋਟਰਾਂ) ਨੂੰ ਦੋਸ਼ੀ ਠਹਿਰਾਇਆ ਅਤੇ ਕਿਹਾ ਕਿ ਹੁਣ ਕਾਂਗਰਸ ਨੂੰ ਉਸਦੀਆਂ ਰਾਜਨੀਤਿਕ ਅਸਫਲਤਾਵਾਂ ਲਈ ਦੋਸ਼ੀ ਠਹਿਰਾਉਣਾ ਵਿਅਰਥ ਹੈ।

### ਮੁੰਬਈ ਵਿਧਾਨ ਸਭਾ ਦੇ ਮੈਂਬਰਾਂ 'ਤੇ ਟਿੱਪਣੀ

ਆਪਣੇ ਭਾਸ਼ਣ ਦੇ ਅੰਤ ਵਿੱਚ, ਡਾ. ਅੰਬੇਡਕਰ ਨੇ ਮੁੰਬਈ ਵਿਧਾਨ ਸਭਾ ਦੇ ਕਾਂਗਰਸੀ ਮੈਂਬਰਾਂ 'ਤੇ ਬਹੁਤ ਸਖ਼ਤ ਟਿੱਪਣੀ ਕੀਤੀ। ਉਨ੍ਹਾਂ ਨੇ ਹਾਜ਼ਰੀਨ ਨੂੰ ਕਿਹਾ ਕਿ ਜੇਕਰ ਉਹ ਵਿਧਾਨ ਸਭਾ ਦੇ ਕਾਂਗਰਸੀ ਮੈਂਬਰਾਂ ਵੱਲ ਦੇਖਦੇ ਹਨ, ਤਾਂ ਇਹ ਜਾਪਦਾ ਹੈ:

"ਕੀ ਇਹ ਕਿੰਗ ਐਡਵਰਡ ਹਸਪਤਾਲ ਵਿੱਚ ਲੰਗੜੇ, ਅੰਨ੍ਹੇ ਅਤੇ ਬੁੱਢਿਆਂ ਲਈ ਵਾਰਡ ਨਹੀਂ ਹੈ?"

### ਅੱਗੇ ਵਧਣ ਦਾ ਰਸਤਾ: ਇੱਕ ਏਕੀਕ੍ਰਿਤ ਵਿਰੋਧੀ ਧਿਰ ਦਾ ਸੱਦਾ

ਇਸ ਰਾਜਨੀਤਿਕ ਪਤਨ ਅਤੇ ਕਾਂਗਰਸ ਦੀ ਤਾਨਾਸ਼ਾਹੀ ਦਾ ਮੁਕਾਬਲਾ ਕਰਨ ਲਈ, ਡਾ. ਅੰਬੇਡਕਰ ਨੇ ਇੱਕ ਸਪੱਸ਼ਟ ਅਤੇ ਇਕਵਚਨ ਹੱਲ ਸੁਝਾਇਆ:

1. ਰਾਜਨੀਤਿਕ ਏਕਤਾ: ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਇੱਕਜੁੱਟ ਹੋਣਾ ਚਾਹੀਦਾ ਹੈ।
2. ਕਾਂਗਰਸ ਦਾ ਪਰਦਾਫਾਸ਼ ਕਰਨਾ: ਉਹਨਾਂ ਨੂੰ ਇੱਕਜੁੱਟ ਹੋਣਾ ਚਾਹੀਦਾ ਹੈ ਅਤੇ ਕਾਂਗਰਸ ਦੇ "ਪਖੰਡ" ਨੂੰ ਬੇਨਕਾਬ ਕਰਨਾ ਚਾਹੀਦਾ ਹੈ।
3. ਲੀਡਰਸ਼ਿਪ ਲੈਣਾ: ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਇੱਕ ਸੰਗਠਨ ਬਣਾਉਣਾ ਚਾਹੀਦਾ ਹੈ ਅਤੇ ਬਿਨਾਂ ਝਿਜਕ "ਹਿੰਦੀ ਰਾਜਨੀਤੀ ਦੀ ਜ਼ਿੰਮੇਵਾਰੀ ਸੰਭਾਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।"

### ਮੁੱਖ ਹਵਾਲੇ, ਵਿਸ਼ਾ ਹਵਾਲੇ

ਗਾਂਧੀ-ਯੁੱਗ ਦੀ ਰਾਜਨੀਤੀ 'ਤੇ: "ਪਖੰਡੀ ਰਾਜਨੀਤੀ ਵਿੱਚ ਦਾਖਲ ਹੋਏ। ਦੋ-ਆਨੇ ਗਾਂਧੀ ਟੋਪੀ ਪਹਿਨ ਕੇ, ਉਨ੍ਹਾਂ ਨੇ ਆਪਣੇ ਆਪ ਨੂੰ ਗਾਂਧੀ ਦੇ ਗੁਲਾਮ ਐਲਾਨ ਕੀਤਾ, ਅਤੇ ਬੱਸ, ਉਹ ਦੇਸ਼ ਭਗਤ ਬਣ ਗਏ।"

ਗਾਂਧੀ ਦੀ ਜ਼ਿੰਮੇਵਾਰੀ 'ਤੇ: "ਗਾਂਧੀ ਜੀ ਖੁਦ ਉਸ ਸ਼ੁੱਧੀਕਰਨ ਲਈ ਜ਼ਿੰਮੇਵਾਰ ਹਨ ਜਿਸ ਬਾਰੇ ਉਹ ਅੱਜ ਗੱਲ ਕਰ ਰਹੇ ਹਨ।"

ਤਿਲਕ ਦੇ ਬਲੀਦਾਨ 'ਤੇ: "ਤਿਲਕ ਨੇ ਅਸਲ ਦਰਦ ਅਤੇ ਦੁੱਖ ਝੱਲਿਆ। ਕਾਂਗਰਸ ਨੇਤਾਵਾਂ ਦੀ ਕੈਦ ਦੀ ਤੁਲਨਾ ਕਰਨਾ ਅਸੰਭਵ ਹੈ।"

ਕਾਂਗਰਸ ਸ਼ਾਸਨ 'ਤੇ, "ਕਾਂਗਰਸ ਸ਼ਾਸਨ ਤਾਨਾਸ਼ਾਹੀ ਹੈ, ਅਤੇ ਹਲਕੇ ਖੁਦ ਇਸ ਲਈ ਜ਼ਿੰਮੇਵਾਰ ਹਨ।"

ਭਵਿੱਖ ਦੀ ਦਿਸ਼ਾ 'ਤੇ, "ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਇੱਕਜੁੱਟ ਹੋ ਕੇ ਇੱਕ ਸੰਗਠਨ ਬਣਾਉਣਾ ਚਾਹੀਦਾ ਹੈ ਅਤੇ ਹਿੰਦੀ ਰਾਜਨੀਤੀ ਦੀ ਜ਼ਿੰਮੇਵਾਰੀ ਦਲੇਰੀ ਨਾਲ ਲੈਣੀ ਚਾਹੀਦੀ ਹੈ।"

# ਵੱਖ ਵੱਖ ਪਾਰਟੀਆਂ ਦੇ ਵੱਡੇ ਪੱਧਰ ਤੇ ਆਗੂ ਵਰਕਰ ਸਮਰਥਕ ਗੜ੍ਹਸ਼ੰਕਰ ਵਿਧਾਨ ਸਭਾ ਚ ਬਸਪਾ ਵਿੱਚ ਸ਼ਾਮਿਲ ਹੋਣ ਲਈ ਤਿਆਰ- ਕਰੀਮਪੁਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਨਵੰਬਰ
INTERNATIONAL PAPER, 94636 01616
hardipchumber57@gmail.com



ਗੜ੍ਹਸ਼ੰਕਰ (ਚਰਨਜੀਤ ਸੱਲ੍ਹਾਂ )ਸਰਦਾਰ ਮੋਹਨ ਸਿੰਘ ਪਨਾਮ ਬਲਾਕ ਸੰਮਤੀ ਮੈਂਬਰ ਕਾਂਗਰਸ ਪਾਰਟੀ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਨੇ ਦਿੱਤਾ ਕਾਂਗਰਸ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਕੇ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋਏ ਬਹੁਜਨ ਸਮਾਜ ਪਾਰਟੀ ਵੱਲੋਂ ਚਲਾਈ ਜਾ ਰਹੀ ਪੰਜਾਬ ਸੰਭਾਲੋ ਮਹਿਮ ਤੋਂ ਪ੍ਰਭਾਵਿਤ ਹੋ ਕੇ ਆਪਣੇ ਸਾਥੀਆਂ ਸਮੇਤ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਕੀਤਾ ਐਲਾਨ ਮੋਹਨ ਸਿੰਘ ਦਾ ਬਸਪਾ ਵਿੱਚ ਸ਼ਾਮਿਲ ਹੋਣ ਤੇ ਸਵਾਗਤ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਊਗਾ ਇਹ ਸ਼ਬਦ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਨੇ ਕਹੇ ਅਤੇ ਉਨ੍ਹਾਂ ਦੇ ਸਰੋਪਾ ਪਾ ਕੇ ਸਵਾਗਤ ਕੀਤਾ ਇਸ ਟਾਇਮ ਉਨ੍ਹਾਂ ਦੇ ਨਾਲ ਬਸਪਾ ਦੀ ਗੜ੍ਹਸ਼ੰਕਰ ਦੀ ਟੀਮ ਹਾਜ਼ਰ ਸੀ ਜਿਨ੍ਹਾਂ ਨੇ ਵੀ ਮੋਹਨ ਸਿੰਘ ਦਾ ਸਵਾਗਤ ਕੀਤਾ ਅਤੇ ਕਰੀਮਪੁਰੀ ਸਾਹਿਬ ਦਾ ਧੰਨਵਾਦ ਕੀਤਾ।

# ਭਗਵਾਨ ਬਿਰਸਾ ਮੁੰਡਾ: ਇੱਕ ਸੰਖੇਪ ਦਸਤਾਵੇਜ਼

## ਜਨਮ 15 ਨਵੰਬਰ, 1875



ਇੰਜੀ. ਹਰਦੀਪ ਸਿੰਘ ਚੁੰਬਰ

### ਕਾਰਜਕਾਰੀ ਸੰਖੇਪ


ਇਹ ਦਸਤਾਵੇਜ਼ ਭਗਵਾਨ ਬਿਰਸਾ ਮੁੰਡਾ ਦੇ ਜੀਵਨ, ਸੰਘਰਸ਼ਾਂ ਅਤੇ ਸਥਾਈ ਵਿਰਾਸਤ ਦਾ ਸਾਰ ਦਿੰਦਾ ਹੈ, ਜਿਵੇਂ ਕਿ ਉਪਲਬਧ ਸਰੋਤ ਹਵਾਲਿਆਂ ਵਿੱਚ ਦੱਸਿਆ ਗਿਆ ਹੈ। ਬਿਰਸਾ ਮੁੰਡਾ ਇੱਕ ਕਬਾਇਲੀ ਆਜ਼ਾਦੀ ਘੁਲਾਟੀਏ ਸਨ ਜਿਨ੍ਹਾਂ ਨੇ ਬ੍ਰਿਟਿਸ਼ ਰਾਜ ਅਤੇ ਸ਼ੋਸ਼ਣਕਾਰੀ ਜ਼ਿਮੀਂਦਾਰੀ ਪ੍ਰਣਾਲੀ ਦੇ ਵਿਰੁੱਧ ਇੱਕ ਮਹੱਤਵਪੂਰਨ ਬਗਾਵਤ ਦੀ ਅਗਵਾਈ ਕੀਤੀ। ਸਿਰਫ਼ 25 ਸਾਲ ਦੀ ਛੋਟੀ ਉਮਰ ਵਿੱਚ, ਉਨ੍ਹਾਂ ਨੇ ਨਾ ਸਿਰਫ਼ ਕਬਾਇਲੀਆਂ ਲਈ ਜ਼ਮੀਨੀ ਅਧਿਕਾਰਾਂ ਲਈ ਲੜਾਈ ਲੜੀ, ਸਗੋਂ ਵਹਿਮਾਂ-ਭਰਮਾਂ ਨੂੰ ਖਤਮ ਕਰਨ ਅਤੇ ਸਮਾਜਿਕ-ਧਾਰਮਿਕ ਪ੍ਰਥਾਵਾਂ ਵਿੱਚ ਸੁਧਾਰ ਲਈ ਵੀ ਕੰਮ ਕੀਤਾ। ਜੇਲ੍ਹ ਵਿੱਚ ਉਨ੍ਹਾਂ ਦੀ ਬੇਵਕਤੀ ਮੌਤ ਦੇ ਬਾਵਜੂਦ, ਉਨ੍ਹਾਂ ਦੀ ਬਗਾਵਤ ਦਾ ਬ੍ਰਿਟਿਸ਼ ਸਰਕਾਰ 'ਤੇ ਸਥਾਈ ਪ੍ਰਭਾਵ ਪਿਆ, ਜਿਸ ਕਾਰਨ 1908 ਦਾ ਇਤਿਹਾਸਕ ਛੋਟਾਨਾਗਪੁਰ ਕਿਰਾਏਦਾਰੀ ਐਕਟ ਲਾਗੂ ਹੋਇਆ, ਜਿਸ ਨੇ ਕਬਾਇਲੀ ਜ਼ਮੀਨ ਨੂੰ ਗੈਰ-ਕਬਾਇਲੀਆਂ ਨੂੰ ਤਬਦੀਲ ਕਰਨ 'ਤੇ ਪਾਬੰਦੀ ਲਗਾਈ। ਅੱਜ ਵੀ, ਉਨ੍ਹਾਂ ਦੀ ਬਹਾਦਰੀ ਅਤੇ ਕੁਰਬਾਨੀ ਲੱਖਾਂ ਭਾਰਤੀਆਂ ਨੂੰ ਪ੍ਰੇਰਿਤ ਕਰਦੀ ਹੈ।

### ਵਿਸਤ੍ਰਿਤ ਵਿਸ਼ਲੇਸ਼ਣ

ਜਾਣ-ਪਛਾਣ: ਭਗਵਾਨ ਬਿਰਸਾ ਮੁੰਡਾ ਕੌਣ ਸਨ?

ਭਗਵਾਨ ਬਿਰਸਾ ਮੁੰਡਾ ਇੱਕ ਮਹਾਨ ਅਤੇ ਨਿਡਰ ਯੋਧਾ ਸੀ ਜਿਸਨੇ ਬ੍ਰਿਟਿਸ਼ ਰਾਜ ਦੇ ਵਿਰੁੱਧ ਆਪਣੀ ਮਾਤ ਭੂਮੀ ਦੀ ਆਜ਼ਾਦੀ ਲਈ ਲੜਾਈ ਲੜੀ। ਉਹ ਸਿਰਫ਼ 25 ਸਾਲ ਜੀਵਿਆ, ਪਰ ਉਸਦਾ ਜੀਵਨ ਬਹਾਦਰੀ ਨਾਲ ਭਰਿਆ ਹੋਇਆ ਸੀ। ਉਸਦੇ ਨੇਕ ਭਾਵਨਾਵਾਂ ਅਤੇ ਕੰਮਾਂ ਕਾਰਨ, ਉਸਦੇ ਪੈਰੋਕਾਰਾਂ ਨੇ ਉਸਨੂੰ 'ਭਗਵਾਨ' ਦਾ ਖਿਤਾਬ ਦਿੱਤਾ।

* ਜਨਮ ਅਤੇ ਸ਼ੁਰੂਆਤੀ ਜੀਵਨ: ਬਿਰਸਾ ਦਾ ਜਨਮ 15 ਨਵੰਬਰ, 1875 ਨੂੰ ਮੌਜੂਦਾ ਝਾਰਖੰਡ ਦੇ ਉਲੀਹਾਟੂ ਪਿੰਡ ਵਿੱਚ ਇੱਕ ਆਦਿਵਾਸੀ ਮੁੰਡਾ ਪਰਿਵਾਰ ਵਿੱਚ ਹੋਇਆ ਸੀ। ਉਸਨੇ ਆਪਣੀ ਜ਼ਿੰਦਗੀ ਬਹੁਤ ਗਰੀਬੀ ਵਿੱਚ ਬਤੀਤ ਕੀਤੀ।




### ਸੰਘਰਸ਼ ਦਾ ਪਿਛੋਕੜ: ਆਦਿਵਾਸੀ ਸ਼ੋਸ਼ਣ

ਸੰਘਰਸ਼ ਉਦੋਂ ਸ਼ੁਰੂ ਹੋਇਆ ਜਦੋਂ ਬ੍ਰਿਟਿਸ਼ ਰਾਜ ਭਾਰਤ ਦੇ ਸੰਘਣੇ ਜੰਗਲਾਂ ਵਿੱਚ ਦਾਖਲ ਹੋਣਾ ਸ਼ੁਰੂ ਹੋਇਆ। ਇਸਨੇ ਕੁਦਰਤੀ ਸਰੋਤਾਂ ਨਾਲ ਇਕਸੁਰਤਾ ਵਿੱਚ ਰਹਿਣ ਵਾਲੇ ਆਦਿਵਾਸੀਆਂ ਲਈ ਬਹੁਤ ਸਾਰੀਆਂ ਮੁਸ਼ਕਲਾਂ ਪੈਦਾ ਕੀਤੀਆਂ।

* ਜ਼ਮੀਨਦਾਰੀ ਪ੍ਰਣਾਲੀ: ਇਸ ਪ੍ਰਣਾਲੀ ਨੇ ਆਦਿਵਾਸੀਆਂ ਨੂੰ ਜ਼ਮੀਨ ਮਾਲਕਾਂ ਤੋਂ ਜ਼ਮੀਨ-ਮਜ਼ਦੂਰਾਂ ਵਿੱਚ ਬਦਲ ਦਿੱਤਾ।

* ਸ਼ੋਸ਼ਣ ਦਾ ਸਿਖਰ: ਸੂਤਰਾਂ ਅਨੁਸਾਰ, ਗਰੀਬ ਅਤੇ ਮਾਸੂਮ ਆਦਿਵਾਸੀਆਂ ਦਾ ਸ਼ੋਸ਼ਣ 1880 ਦੇ ਦਹਾਕੇ ਵਿੱਚ ਆਪਣੇ ਸਿਖਰ 'ਤੇ ਪਹੁੰਚ ਗਿਆ।

### ਬਿਰਸਾ ਮੁੰਡਾ ਦਾ ਉਭਾਰ ਅਤੇ ਬਗਾਵਤ

ਆਦਿਵਾਸੀ ਭਾਈਚਾਰਿਆਂ 'ਤੇ ਹੋ ਰਹੇ ਅੱਤਿਆਚਾਰਾਂ ਨੂੰ ਦੇਖ ਕੇ, ਬਿਰਸਾ ਮੁੰਡਾ ਨੇ ਆਪਣੀ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ ਅਤੇ ਇੱਕ ਬਹੁਪੱਖੀ ਲਹਿਰ ਦੀ ਅਗਵਾਈ ਕੀਤੀ।

* **ਸਮਾਜਿਕ-ਧਾਰਮਿਕ ਸੁਧਾਰ:**

* ਉਸਨੇ ਮੌਜੂਦਾ ਧਾਰਮਿਕ ਪ੍ਰਥਾਵਾਂ ਨੂੰ ਸੋਧਣ ਅਤੇ ਸੁਧਾਰਨ ਲਈ ਕੰਮ ਕੀਤਾ।

ਉਸਨੇ ਲੋਕਾਂ ਨੂੰ ਅੰਧਵਿਸ਼ਵਾਸਾਂ ਤੋਂ ਮੁਕਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਨਵੇਂ ਸਿਧਾਂਤ ਅਤੇ ਪ੍ਰਾਰਥਨਾਵਾਂ ਪੇਸ਼ ਕੀਤੀਆਂ।

* ਉਸਨੇ ਆਦਿਵਾਸੀਆਂ ਨੂੰ ਉਨ੍ਹਾਂ ਦੇ ਸਵਾਰਥੀ ਹਿੱਤਾਂ ਅਤੇ ਉਨ੍ਹਾਂ ਦੇ ਸਾਹਮਣਾ ਕੀਤੇ ਜਾ ਰਹੇ ਅੱਤਿਆਚਾਰਾਂ ਤੋਂ ਜਾਣੂ ਕਰਵਾਇਆ।

* **ਬਗਾਵਤ ਦਾ ਸੱਦਾ:**

* ਭਗਵਾਨ ਬਿਰਸਾ ਨੇ ਲੋਕਾਂ ਦੇ ਮਨਾਂ ਵਿੱਚ ਵਿਰੋਧ ਦੀ ਇੱਕ ਚੰਗਿਆੜੀ ਜਗਾਈ।

* ਵੱਡੀ ਗਿਣਤੀ ਵਿੱਚ ਆਦਿਵਾਸੀ ਉਨ੍ਹਾਂ ਦੇ ਨਾਲ ਖੜ੍ਹੇ ਹੋਏ ਅਤੇ ਬਗਾਵਤ ਵਿੱਚ ਸ਼ਾਮਲ ਹੋ ਗਏ।

* ਉਨ੍ਹਾਂ ਨੇ ਇਕੱਠੇ ਹੋ ਕੇ ਉਨ੍ਹਾਂ ਦਾ ਸ਼ੋਸ਼ਣ ਕਰਨ ਵਾਲਿਆਂ ਵਿਰੁੱਧ ਬਗਾਵਤ ਕੀਤੀ।

### ਗ੍ਰਿਫ਼ਤਾਰੀ, ਮੌਤ ਅਤੇ ਵਿਰਾਸਤ

ਬਿਰਸਾ ਮੁੰਡਾ ਨੂੰ 9 ਜੂਨ, 1900 ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਅਤੇ ਜੇਲ੍ਹ ਭੇਜ ਦਿੱਤਾ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ। ਹਾਲਾਂਕਿ, ਉਨ੍ਹਾਂ ਦਾ ਸੰਘਰਸ਼ ਵਿਅਰਥ ਨਹੀਂ ਗਿਆ ਅਤੇ ਇਸ ਦੇ ਦੂਰਗਾਮੀ ਨਤੀਜੇ ਨਿਕਲੇ।

* ਛੋਟਾਨਾਗਪੁਰ ਕਿਰਾਏਦਾਰੀ ਐਕਟ, 1908:

* ਬਿਰਸਾ ਦੀ ਬਗਾਵਤ ਨੇ ਬ੍ਰਿਟਿਸ਼ ਰਾਜ ਨੂੰ ਆਦਿਵਾਸੀਆਂ ਦੀ ਦੁਰਦਸ਼ਾ ਅਤੇ ਸ਼ੋਸ਼ਣ ਦਾ ਨੋਟਿਸ ਲੈਣ ਲਈ ਮਜਬੂਰ ਕੀਤਾ।

* ਨਤੀਜੇ ਵਜੋਂ, ਸਰਕਾਰ ਨੇ ਆਦਿਵਾਸੀਆਂ ਦੀ ਰੱਖਿਆ ਲਈ ਛੋਟਾਨਾਗਪੁਰ ਕਿਰਾਏਦਾਰੀ ਐਕਟ, 1908 ਲਾਗੂ ਕੀਤਾ।

* **ਐਕਟ ਦਾ ਪ੍ਰਭਾਵ:**

* ਇਸ ਐਕਟ ਨੇ ਆਦਿਵਾਸੀਆਂ ਦੀ ਜ਼ਮੀਨ ਗੈਰ-ਆਦਿਵਾਸੀਆਂ ਨੂੰ ਤਬਦੀਲ ਕਰਨ 'ਤੇ ਪਾਬੰਦੀ ਲਗਾਈ।

* ਇਸ ਨੇ ਆਦਿਵਾਸੀਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਇੱਕ ਮਹੱਤਵਪੂਰਨ ਕਾਨੂੰਨੀ ਢਾਂਚਾ ਪ੍ਰਦਾਨ ਕੀਤਾ।

### ਸਥਾਈ ਪ੍ਰੇਰਨਾ

ਉਨ੍ਹਾਂ ਦੀ ਮੌਤ ਤੋਂ 121 ਸਾਲ ਬਾਅਦ ਵੀ, ਭਗਵਾਨ ਬਿਰਸਾ ਮੁੰਡਾ ਦਾ ਜੀਵਨ ਅਤੇ ਸੰਘਰਸ਼ ਲੱਖਾਂ ਭਾਰਤੀਆਂ ਨੂੰ ਪ੍ਰੇਰਿਤ ਕਰਦਾ ਰਹਿੰਦਾ ਹੈ, ਜੋ ਹਿੰਮਤ, ਸਮਾਜਿਕ ਨਿਆਂ ਅਤੇ ਅਧਿਕਾਰਾਂ ਲਈ ਅਟੁੱਟ ਲੜਾਈ ਦਾ ਪ੍ਰਤੀਕ ਹੈ।

# ਬਿਰਸਾ ਮੁੰਡਾ ਜੀਵਨ ਅਤੇ ਸੰਘਰਸ਼- ਚਰਨਜੀਤ ਸੱਲ੍ਹਾਂ


ਜਨਮ: ਬਿਰਸਾ ਮੁੰਡਾ ਦਾ ਜਨਮ 15 ਨਵੰਬਰ, 1875 ਨੂੰ ਉਲੀਹਾਤੂ, ਝਾਰਖੰਡ ਵਿੱਚ ਹੋਇਆ ਸੀ। ਸਿੱਖਿਆ: ਉਨ੍ਹਾਂ ਨੇ ਥੋੜ੍ਹੀ ਜਿਹੀ ਸਿੱਖਿਆ ਪ੍ਰਾਪਤ ਕੀਤੀ ਸੀ ਅਤੇ ਇੱਕ ਮਿਸ਼ਨਰੀ ਸਕੂਲ ਵਿੱਚ ਵੀ ਗਏ ਸੀ।

ਸੰਘਰਸ਼: ਉਨ੍ਹਾਂ ਨੇ ਬ੍ਰਿਟਿਸ਼ ਸ਼ਾਸਨ ਅਤੇ ਜ਼ਿਮੀਂਦਾਰਾਂ ਦੇ ਸ਼ੋਸ਼ਣ ਵਿਰੁੱਧ ਆਪਣਾ ਸੰਘਰਸ਼ ਸ਼ੁਰੂ ਕੀਤਾ, ਜਿਸ ਨੂੰ 'ਉਲਗੁਲਾਨ' (ਬਗਾਵਤ) ਕਿਹਾ ਜਾਂਦਾ ਹੈ।

ਸਮਾਜਿਕ ਅਤੇ ਧਾਰਮਿਕ ਸੁਧਾਰ: ਉਨ੍ਹਾਂ ਨੇ ਆਪਣੇ ਲੋਕਾਂ ਨੂੰ ਬ੍ਰਿਟਿਸ਼ ਸ਼ੋਸ਼ਣ ਵਿਰੁੱਧ ਲਾਮਬੰਦ ਕੀਤਾ, ਕਬਾਇਲੀ ਸੱਭਿਆਚਾਰ ਅਤੇ ਰੀਤੀ-ਰਿਵਾਜਾਂ ਦੀ ਰੱਖਿਆ ਕੀਤੀ ਅਤੇ ਸਮਾਜਿਕ ਸੁਧਾਰਾਂ ਨੂੰ ਉਤਸ਼ਾਹਿਤ ਕੀਤਾ। ਕਬਾਇਲੀ ਅਧਿਕਾਰ: ਉਨ੍ਹਾਂ ਨੇ ਕਬਾਇਲੀ ਲੋਕਾਂ ਦੇ ਜ਼ਮੀਨ ਅਤੇ ਜੰਗਲੀ ਅਧਿਕਾਰਾਂ ਦੀ ਬਹਾਲੀ ਲਈ ਲੜਾਈ ਲੜੀ। ਨਿਡਰਤਾ ਅਤੇ ਵਿਰਸਾ: ਉਹ ਬਹਾਦਰੀ ਅਤੇ ਨੇਤਾਤਵ ਦਾ ਪ੍ਰਤੀਕ ਸਨ ਅਤੇ ਉਨ੍ਹਾਂ ਦੀ ਸਖ਼ਤ ਮਿਹਨਤ ਨੇ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿੱਚ ਵੱਡਾ ਯੋਗਦਾਨ ਪਾਇਆ।

ਮੌਤ ਅਤੇ ਵਿਰਾਸਤ ਗ੍ਰਿਫ਼ਤਾਰੀ ਅਤੇ ਮੌਤ: 1900 ਵਿੱਚ ਬ੍ਰਿਟਿਸ਼ ਫ਼ੌਜਾਂ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ 9 ਜੂਨ, 1900 ਨੂੰ ਰਾਂਚੀ ਜੇਲ੍ਹ ਵਿੱਚ ਹੈਜ਼ਾ ਹੋਣ ਕਾਰਨ 25 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਮੌਤ ਹੋ ਗਈ।

'ਜਨਜਾਤੀ ਗੌਰਵ ਦਿਵਸ': ਉਨ੍ਹਾਂ ਦੇ ਜਨਮ ਦਿਨ, 15 ਨਵੰਬਰ ਨੂੰ, ਭਾਰਤ ਸਰਕਾਰ ਨੇ 2021 ਵਿੱਚ



'ਜਨਜਾਤੀ ਗੌਰਵ ਦਿਵਸ' (ਕਬਾਇਲੀ ਮਾਣ ਦਿਵਸ) ਐਲਾਨਿਆ।

ਸਿੱਖਿਆ ਅਤੇ ਮਾਣ: ਬਿਰਸਾ ਮੁੰਡਾ ਸਾਡੇ ਦੇਸ਼ ਦੇ ਗੌਰਵ ਅਤੇ ਪ੍ਰੇਰਨਾ ਸਰੋਤ ਹਨ, ਜੋ ਸਾਨੂੰ ਨਿਆਂ ਅਤੇ ਸੱਚ ਲਈ ਲੜਨ ਲਈ ਪ੍ਰੇਰਿਤ ਕਰਦੇ ਹਨ।

# ਐਨਪੀਐਸ ਕਰਮਚਾਰੀ 18 ਨਵੰਬਰ ਨੂੰ ਮਨਾਉਣਗੇ ਕਾਲਾ ਦਿਵਸ

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਗੁਰਦਿਆਲ ਮਾਨ ਅਤੇ ਬਲਾਕ ਸਕੱਤਰ ਰਮਨ ਕੁਮਾਰ ਤੇ ਗੁਰਦੀਪ ਸਿੰਘ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਤੇ ਸੀਪੀਐਫ ਕਰਮਚਾਰੀ ਯੂਨੀਅਨ ਪੰਜਾਬ ਨੇ ਸਾਂਝੇ ਤੌਰ ਤੇ 18 ਨਵੰਬਰ 2022 ਨੂੰ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਦੀਆਂ ਕਾਲੇ ਬਿੱਲੇ ਲਗਾ ਕੇ ਕਾਪੀਆਂ ਸਾੜਨ ਦਾ ਪ੍ਰੋਗਰਾਮ ਉਲੀਕਿਆ ਹੈ । ਉਨ੍ਹਾਂ ਜਾਣਕਾਰੀ ਦਿੰਦਿਆਂ



ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੇ 18 ਨਵੰਬਰ 2022 ਨੂੰ ਹਿਮਾਚਲ ਅਤੇ ਗੁਜਰਾਤ ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਦਾ ਅਧੂਰਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਪਰ ਅੱਜ ਤਿੰਨ ਸਾਲ ਬੀਤ ਜਾਣ ਬਾਅਦ ਵੀ ਪੰਜਾਬ ਦੇ ਦੋ ਲੱਖ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਬਹਾਲ ਨਹੀਂ ਹੋਈ ਅਤੇ ਨਾ ਹੀ ਐਸਓਪੀ ਜਾਰੀ ਕੀਤਾ ਗਿਆ। ਜਦਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਪ ਪਾਰਟੀ ਨੇ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਸਰਕਾਰ ਬਣਦਿਆਂ ਹੀ ਰਾਜ ਵਿੱਚ ਪੁਰਾਣੀ ਪੈਨਸ਼ਨ ਬਹਾਲ ਕਰ ਦਿੱਤੀ ਜਾਵੇਗੀ । ਪਿਛਲੇ ਤਿੰਨ ਸਾਲਾਂ ਵਿੱਚ ਸਰਕਾਰ ਆਪਣਾ ਹੀ ਜਾਰੀ ਕੀਤਾ ਨੋਟੀਫਿਕੇਸ਼ਨ ਲਾਗੂ ਕਰਨਾ ਭੁੱਲ ਗਈ ਹੈ। ਜਿਸ ਕਾਰਨ ਕਰਮਚਾਰੀਆਂ ਨੂੰ ਪੈਨਸ਼ਨ ਵਿਹੂਣੇ ਹੀ ਸੇਵਾਮੁਕਤ ਕਰ ਘਰ ਨੂੰ ਤੋਰ ਰਹੀ ਹੈ ।ਜਿਸ ਦੇ ਰੋਸ ਵਜੋਂ ਪੰਜਾਬ ਦੇ ਦੋ ਲੱਖ ਕਰਮਚਾਰੀ ਕਾਲੇ ਬਿੱਲੇ ਲਗਾ ਕੇ ਸਰਕਾਰ ਦੁਆਰਾ ਜਾਰੀ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ 18 ਨਵੰਬਰ ਨੂੰ ਆਪਣੇ-ਆਪਣੇ ਸਟੇਸ਼ਨਾਂ ਲਾਂਬੂ ਲਾ ਕੇ ਤਸਵੀਰਾਂ ਸੋਸ਼ਲ ਮੀਡੀਆ ਵਿੱਚ ਸ਼ੇਅਰ ਕਰਨਗੇ। ਇਸ ਤੋਂ ਇਲਾਵਾ 25 ਨਵੰਬਰ ਦੀ ਐਨ ਐਮ ਓ ਪੀ ਐਸ ਦੇ ਬੈਨਰ ਹੇਠ ਹੋਣ ਜਾ ਰਹੀ ਦਿੱਲੀ ਵਿਖੇ ਮਹਾਰੈਲੀ ਦੀ ਲਾਮਬੰਦੀ ਕੀਤੀ ਜਾਵੇਗੀ । ਜਿਸ ਵਿੱਚ ਪੰਜਾਬ ਚੋ,ਹਜ਼ਾਰਾਂ ਦੀ ਗਿਣਤੀ ਵਿੱਚ ਮੁਲਾਜ਼ਮ ਭਾਗ ਲੈਣਗੇ ਰਾਜ ਤੇ ਕੇਂਦਰ ਸਰਕਾਰ ਖਿਲਾਫ ਆਪਣਾ ਵਿਰੋਧ ਦਰਜ ਕਰਵਾਉਣਗੇ । ਇਸ ਮੌਕੇ ਤੇ ਉਨ੍ਹਾਂ ਨਾਲ ਗੁਰਦੀਪ ਸਿੰਘ,ਮਨਪ੍ਰੀਤ ਸਿੰਘ, ਗਗਨਦੀਪ,ਰਿੰਕੂ ਚੋਪੜਾ,ਰਮਿੰਦਰ ਕੌਰ,ਸ਼ਾਲੀਨਤਾ ਭਨੋਟ,ਪਰਮਜੀਤ ਕੌਰ,ਮਨਜੀਤ ਕੌਰ,ਕੁਲਵਿੰਦਰ ਕੌਰ,ਗੁਰਪ੍ਰੀਤ ਕੌਰ,ਜਸਵੀਰ ਕੌਰ ਅਤੇ ਕਿਰਨ ਬਾਲਾ ਆਦਿ ਹਾਜ਼ਰ ਸਨ

# ਡਾ. ਰਈਸ ਅਹਿਮਦ ਭੱਟ (ਐਮਬੀਬੀਐਸ, ਐਮਐਸ, ਐਫਐਮਜੀ, ਅਤੇ ਸਰਜਰੀ ਦੇ ਪ੍ਰੋਫੈਸਰ) ਨੂੰ ਗ੍ਰਿਫ਼ਤਾਰ ਕੀਤਾ

ਪਠਾਨਕੋਟ ਦੇ ਮਾਮੂਨ ਕੈਂਟ ਤੋਂ ਇੱਕ ਡਾਕਟਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਡਾਕਟਰ ਦੀ ਪਛਾਣ ਡਾ. ਰਈਸ ਅਹਿਮਦ ਭੱਟ (ਐਮਬੀਬੀਐਸ, ਐਮਐਸ, ਐਫਐਮਜੀ, ਅਤੇ ਸਰਜਰੀ ਦੇ ਪ੍ਰੋਫੈਸਰ) ਵਜੋਂ ਹੋਈ ਹੈ।

45 ਸਾਲਾ ਡਾ. ਭੱਟ ਪਿਛਲੇ ਤਿੰਨ ਸਾਲਾਂ ਤੋਂ ਵਾਈਟ ਮੈਡੀਕਲ ਕਾਲਜ, ਪੀਐਸ ਮਾਮੂਨ ਕੈਂਟ ਵਿੱਚ ਸਰਜਨ ਵਜੋਂ ਕੰਮ ਕਰ ਰਹੇ ਸਨ। ਹਸਪਤਾਲ ਦੇ ਮੈਨੇਜਰ ਸਵਰਨ ਸਲਾਰੀਆ ਨੇ ਦੱਸਿਆ ਕਿ ਡਾ. ਭੱਟ ਨੂੰ ਕੱਲ੍ਹ ਦੇਰ ਰਾਤ ਇੱਕ ਅਣਜਾਣ ਏਜੰਸੀ ਨੇ ਗ੍ਰਿਫ਼ਤਾਰ ਕੀਤਾ ਹੈ।

ਡਾ. ਰਈਸ ਚਾਰ ਸਾਲਾਂ ਤੋਂ ਫਰੀਦਾਬਾਦ ਦੀ ਅਲ ਫਲਾਹ ਯੂਨੀਵਰਸਿਟੀ ਵਿੱਚ ਕੰਮ ਕਰਦੇ ਸਨ। ਡਾਕਟਰ ਅਲ ਫਲਾਹ ਯੂਨੀਵਰਸਿਟੀ ਵਿੱਚ ਤਾਇਨਾਤ ਸਟਾਫ ਨਾਲ ਟੈਲੀਫੋਨ ਸੰਪਰਕ ਵਿੱਚ ਸੀ।

ਮੁਲਜ਼ਮ ਭੱਟ ਦਿੱਲੀ ਬੰਬ ਧਮਾਕੇ ਦੇ ਮਾਮਲੇ ਦੇ ਮੁੱਖ ਮੁਲਜ਼ਮ ਡਾ. ਉਮਰ ਦੇ ਸੰਪਰਕ ਵਿੱਚ ਸੀ। ਡਾਕਟਰ ਨੂੰ ਪੁੱਛਗਿੱਛ ਲਈ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਹਾਲਾਂਕਿ, ਡਾਕਟਰ ਨੂੰ ਗ੍ਰਿਫ਼ਤਾਰ ਕਰਨ ਵਾਲੀ ਏਜੰਸੀ ਅਜੇ ਸਪੱਸ਼ਟ ਨਹੀਂ ਹੈ। ਗ੍ਰਿਫ਼ਤਾਰ ਕੀਤਾ ਗਿਆ ਡਾਕਟਰ ਜੰਮੂ-ਕਸ਼ਮੀਰ ਦੇ ਅਨੰਤਨਾਗ ਦੇ ਬੇਨਾ ਦਿਆਲਗਾਮ ਦਾ ਰਹਿਣ ਵਾਲਾ ਹੈ।

ਦਿੱਲੀ ਧਮਾਕੇ ਦੇ ਮੁੱਖ ਦੋਸ਼ੀ ਨਾਲ ਸੀ ਸੰਪਰਕ

ਜਾਣਕਾਰੀ ਮੁਤਾਬਕ, ਡਾ. ਰਈਸ ਭੱਟ ਦਾ ਦਿੱਲੀ ਧਮਾਕੇ ਦੇ ਮੁੱਖ ਦੋਸ਼ੀ ਡਾ. ਉਮਰ ਨਾਲ ਲਗਾਤਾਰ ਸੰਪਰਕ ਸੀ। ਇਸੀ ਕਾਰਣ ਉਸ ਨੂੰ ਪੁੱਛਗਿੱਛ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ। ਹਾਲਾਂਕਿ ਉਸ ਨੂੰ ਕਿਹੜੀ ਏਜੰਸੀ ਨੇ ਕਾਬੂ ਕੀਤਾ ਹੈ, ਇਹ ਹਾਲੇ ਸਾਫ਼ ਨਹੀਂ ਹੋ ਸਕਿਆ। ਗ੍ਰਿਫ਼ਤਾਰ ਕੀਤਾ ਗਿਆ ਡਾਕਟਰ ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਬੇਨਾ ਡਾਇਲਗਾਮ ਦਾ ਰਹਿਣ ਵਾਲਾ ਹੈ।

# ਹੜ੍ਹ ਪੀੜਤ ਕਿਸਾਨਾਂ ਦੀਆਂ ਜ਼ਮੀਨਾਂ ਵਾਹੁਣ ਅਤੇ ਬੀਜਣ ਲਈ ਟਰੈਕਟਰਾਂ ਦਾ ਕਾਫਲਾ ਰਵਾਨਾ

ਭਾਰਤੀ ਕਿਸਾਨ ਯੂਨੀਅਨ ( ਏਕਤਾ ਉਗਰਾਹਾਂ) ਦੀ ਸੂਬਾ ਕਮੇਟੀ ਵੱਲੋਂ ਫਾਜ਼ਿਲਕਾ ਖ਼ੇਤਰ ਦੇ ਕਿਸਾਨਾਂ ਦੀਆਂ ਜ਼ਮੀਨਾਂ ਵਾਹੁਣ, ਬੀਜਣ ਦੀ ਚਲਾਈ ਜਾ ਰਹੀ ਮੁਹਿੰਮ ਵਿੱਚ ਅੱਜ ਜ਼ਮੀਨ ਪੱਧਰੀ ਕਰਨ ਲਈ ਜ਼ਿਲ੍ਹਾ ਬਠਿੰਡਾ ਅਤੇ ਮਾਨਸਾ ਤੋਂ ਟਰੈਕਟਰਾਂ ਦੇ ਦੂਜੇ ਕਾਫਲੇ ਨੂੰ ਸੂਬਾਈ ਕਿਸਾਨ ਆਗੂਆਂ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ ਨੇ ਬਠਿੰਡਾ ਮਲੋਟ ਰੋਡ ਤੇ ਬਾਈਪਾਸ ਦੇ ਟੀ ਪੁਆਇੰਟ ਕੋਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਕਿਸਾਨ ਆਗੂਆਂ ਨੇ ,ਉਗਰਾਹਾਂ ਜਥੇਬੰਦੀ ਵੱਲੋਂ ਇਸ ਖ਼ੇਤਰ ਵਿੱਚ ਹੜ੍ਹ ਪੀੜਤ ਕਿਸਾਨ, ਮਜ਼ਦੂਰਾਂ ਕੀਤੀ ਸਹਾਇਤਾ ਬਾਰੇ ਰਿਪੋਰਟ ਜਾਰੀ ਕਰਦਿਆਂ ਦੱਸਿਆ ਕਿ ਹੁਣ ਤੱਕ ਜ਼ਮੀਨਾਂ ਪੱਧਰ ਕਰਨ, ਪਸ਼ੂਆਂ ਲਈ ਚਾਰੇ ਤੇ ਬਿਸਤਰੇ ਕੱਪੜਿਆਂ ਤੋਂ ਇਲਾਵਾ 9300 ਮਣ ਖਾਣ ਲਈ ਕਣਕ ਤੇ 4700 ਏਕੜ ਜ਼ਮੀਨ ਲਈ ਕਣਕ ਦਾ ਬੀਜ(ਪ੍ਰਤੀ ਏਕੜ 40 ਕਿਲੋ ) ਲਗਭਗ ਦੋ ਦਰਜਨ ਪਿੰਡਾਂ ਵਿੱਚ ਵੰਡਿਆ ਜਾ ਚੁੱਕਾ ਹੈ।ਉਹਨਾਂ ਦੱਸਿਆ ਕਿ ਅੱਜ ਤੋਂ ਸੈਂਕੜੇ ਟਰੈਕਟਰਾਂ ਨਾਲ ਜ਼ਮੀਨਾਂ ਪੱਧਰ ਕਰਕੇ ਬਿਜਾਈ ਮੁਹਿੰਮ ਸ਼ੁਰੂ ਕਰ ਰਹੇ ਹਾਂ। ਅੱਜ ਦੇ ਕਾਫਲੇ ਵਿੱਚ ਜ਼ਿਲਾ ਮਾਨਸਾ ਦੇ ਜ਼ਿਲ੍ਹਾ ਆਗੂ ਜੋਗਿੰਦਰ ਸਿੰਘ ਦਿਆਲਪੁਰਾ, ਬਠਿੰਡਾ ਤੋਂ ਜਗਸੀਰ ਸਿੰਘ ਝੁੰਬਾ, ਨਛੱਤਰ ਸਿੰਘ ਢੱਡੇ, ਗੁਲਾਬ ਸਿੰਘ ਜਿਉਂਦ, ਜਸਪਾਲ ਸਿੰਘ ਕੋਠਾ ਗੁਰੂ, ਨੀਟਾ ਸਿੰਘ ਦਿਓਣ, ਗੁਰਜੀਤ ਸਿੰਘ ਬੰਗੇਹਰ ਸਮੇਤ ਹੋਰ ਆਗੂ ਵਰਕਰ ਵੀ ਮੌਜੂਦ ਸਨ।

"Equality and justice"
Patiala 15 November
INTERNATIONAL PAPER, 9463601616
hardipchumber57@gmail.com

# 16 ਨਵੰਬਰ ਲਈ ਰਾਸ਼ਟਰੀ ਪ੍ਰੈਸ ਦਿਵਸ

ਐਡਵੋਕੇਟ ਕੁਲਦੀਪ ਚੰਦ ਦੋਭੇਟਾ।
ਨੇੜੇ ਸਰਕਾਰੀ ਪ੍ਰਾਇਮਰੀ ਸਕੂਲ ਦੋਭੇਟਾ।
ਤਹਿਸੀਲ ਨੰਗਲ ਜ਼ਿਲ੍ਹਾ ਰੂਪਨਗਰ ਪੰਜਾਬ-140124
9417563054



ਭਾਰਤ ਇੱਕ ਵਿਸ਼ਾਲ ਦੇਸ਼ ਹੋਣ ਕਰਕੇ ਵਿਭਿੰਨ ਧਾਰਮਿਕ ਅਤੇ ਸੱਭਿਆਚਾਰਕ ਪਿਛੋਕੜ ਵਾਲੇ, ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਅਤੇ ਵੱਖ-ਵੱਖ ਜਾਤਾਂ ਅਤੇ ਧਰਮਾਂ ਨਾਲ ਸਬੰਧਤ ਲੋਕਾਂ ਦਾ ਘਰ ਹੈ। ਇਨ੍ਹਾਂ ਵਖਰੇਵਿਆਂ ਦੇ ਬਾਵਜੂਦ ਇੱਕ ਅੰਤਰੀਵ ਏਕਤਾ ਮੌਜੂਦ ਹੈ ਜੋ ਭਾਰਤ ਦਾ ਮਾਣ ਹੈ ਹਾਲਾਂਕਿ ਕੁਝ ਫੁੱਟ ਪਾਊ ਤੱਤ ਫਿਰਕਾਪ੍ਰਸਤੀ, ਜਾਤੀਵਾਦ ਅਤੇ ਸਮਾਜਿਕ ਪੱਖਪਾਤ ਦਾ ਪ੍ਰਚਾਰ ਕਰਕੇ, ਅਮੀਰ ਅਤੇ ਗਰੀਬ ਵਿਚਕਾਰ ਇੱਕ ਵਿਸ਼ਾਲ ਪਾੜਾ ਪੈਦਾ ਕਰਕੇ ਇਸ ਏਕਤਾ ਨੂੰ ਭੰਗ ਕਰਨ ਦੀ ਕੋਸ਼ਿਸ਼ਕਰਦੇ ਹਨ। ਮੀਡੀਆ ਅਜਿਹੀਆਂ ਫੁੱਟ ਪਾਊ ਤਾਕਤਾਂ ਨੂੰ ਰੋਕਣ ਅਤੇ ਰਾਸ਼ਟਰੀ ਏਕਤਾ ਅਤੇ ਏਕਤਾ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਹਰ ਸਾਲ ਭਾਰਤ ਵਿੱਚ 16 ਨਵੰਬਰ ਨੂੰ ਰਾਸ਼ਟਰੀ ਪ੍ਰੈਸ ਦਿਵਸ ਮਨਾਇਆ ਜਾਂਦਾ ਹੈ ਤਾਂ ਜੋ ਲੋਕਤੰਤਰ ਨੂੰ ਕਾਇਮ ਰੱਖਣ ਅਤੇ ਪਾਰਦਰਸ਼ੀ ਸੰਚਾਰ ਨੂੰ ਉਤਸ਼ਾਹਿਤ ਕਰਨ ਵਿੱਚ ਪ੍ਰੈਸ ਦੀ ਅਨਮੋਲ ਭੂਮਿਕਾ ਦਾ ਸਨਮਾਨ ਕੀਤਾ ਜਾ ਸਕੇ। ਇਹ ਦਿਨ ਪ੍ਰੈਸ ਕੌਂਸਲ ਆਫ਼ ਇੰਡੀਆ ਦੀ ਸਥਾਪਨਾ ਵਰ੍ਹੇਗੰਢ ਨੂੰ ਦਰਸਾਉਂਦਾ ਹੈ ਜੋ ਪ੍ਰੈਸ ਦੀ ਜ਼ਿੰਮੇਵਾਰੀ ਅਤੇ ਇਸਦੀ ਆਜ਼ਾਦੀ ਦੀ ਯਾਦ ਦਿਵਾਉਂਦਾ ਹੈ। ਪਿਛਲੇ ਸਾਲਾਂ ਵਿੱਚ ਰਾਸ਼ਟਰੀ ਪ੍ਰੈਸ ਦਿਵਸ ਮੀਡੀਆ ਨੈਤਿਕਤਾ, ਡਿਜੀਟਲ ਪਰਿਵਰਤਨ, ਅਤੇ ਬੋਲਣ ਦੀ ਆਜ਼ਾਦੀ ਰਾਹੀਂ ਲੋਕਤੰਤਰ ਦੀ ਰੱਖਿਆ ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ ਅਤੇ ਇਸ ਸਾਲ ਡਿਜੀਟਲ ਸੁਰੱਖਿਆ, ਤੱਥ-ਜਾਂਚ ਅਤੇ ਤੇਜ਼ੀ ਨਾਲ ਬਦਲਦੇ ਖ਼ਬਰਾਂ ਦੇ ਵਾਤਾਵਰਣ ਵਿੱਚ ਪੱਤਰਕਾਰਾਂ ਦੀ ਵਿਕਸਤ ਹੋ ਰਹੀ ਭੂਮਿਕਾ ਵਰਗੇ ਮੁੱਦਿਆਂ ਤੇ ਰੌਸ਼ਨੀ ਪਾਉਣ ਦੀ ਉਮੀਦ ਹੈ। ਮੀਡੀਆ ਕੋਲ ਜਨਤਕ ਰਾਏ ਨੂੰ ਢਾਲਣ ਦੀ ਅਥਾਹ ਸ਼ਕਤੀ ਹੈ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਇਹ ਜਨਤਕ ਹਿੱਤਾਂ ਦੇ ਰੱਖਿਅਕ ਅਤੇ ਜਾਣਕਾਰੀ ਦੇ ਅਧਿਕਾਰ ਦੇ ਰੱਖਿਅਕ ਵਜੋਂ ਕੰਮ ਕਰੇਗਾ। ਰਾਸ਼ਟਰੀ ਪ੍ਰੈੱਸ ਦਿਵਸ ਜਨਤਾ ਪ੍ਰਤੀ ਮੀਡੀਆ ਦੀ ਜ਼ਿੰਮੇਵਾਰੀ ਅਤੇ ਲੋਕਤੰਤਰ ਵਿੱਚ ਇਸਦੀ ਅਹਿਮ ਭੂਮਿਕਾ ਨੂੰ ਉਜਾਗਰ ਕਰਨ ਦੀ ਯਾਦ ਦਿਵਾਉਂਦਾ ਹੈ। ਮੀਡੀਆ ਨੂੰ ਵਾਰ-ਵਾਰ ਆਪਣੇ ਪੇਸ਼ੇਵਰ ਫਰਜ਼ਾਂ ਨੂੰ ਸੱਚਾਈ ਅਤੇ ਨਿਰਪੱਖ ਢੰਗ ਨਾਲ ਨਿਭਾਉਣ ਦੇ ਗੰਭੀਰ ਨਤੀਜਿਆਂ ਦਾ ਸਾਹਮਣਾ ਕਰਨਾ ਪਿਆ ਹੈ। ਪੱਤਰਕਾਰਾਂ ਨੂੰ ਕਈ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਕਿ ਸ਼ਰੀਰਕ ਹਮਲੇ, ਝੂਠੇ ਦੋਸ਼, ਉਨ੍ਹਾਂ ਦੇ ਘਰਾਂ ਜਾਂ ਪ੍ਰੈਸ ਦਫਤਰਾਂ ਤੇ ਛਾਪੇ, ਅਗਵਾ, ਕਤਲ ਆਦਿ। ਪ੍ਰੈਸ ਦੀ ਆਜ਼ਾਦੀ ਇੱਕ ਮਹੱਤਵਪੂਰਨ ਮਨੁੱਖੀ ਅਧਿਕਾਰ ਹੈ ਜੋ ਹੋਰ ਆਜ਼ਾਦੀਆਂ ਦੀ ਗਰੰਟੀ ਦਿੰਦਾ ਹੈ। ਪ੍ਰੈਸ ਨੂੰ ਅਕਸਰ ਲੋਕਤੰਤਰ ਦਾ ਚੌਥਾ ਥੰਮ ਕਿਹਾ ਜਾਂਦਾ ਹੈ ਕਿਉਂਕਿ ਸੂਚਨਾ ਪ੍ਰਸਾਰਣ ਅਤੇ ਸਰਕਾਰ ਤੇ ਨਿਗਰਾਨੀ ਰੱਖਣ ਵਿੱਚ ਇਸਦੀ ਪ੍ਰਭਾਵਸ਼ਾਲੀ ਭੂਮਿਕਾ ਹੈ। ਭਾਰਤ ਵਿੱਚ ਮੀਡੀਆ ਦਾ ਇਤਿਹਾਸ ਬਸਤੀਵਾਦੀ ਯੁੱਗ ਦਾ ਹੈ ਜਦੋਂ ਪਹਿਲੀ ਅਖਬਾਰ ਦੀ ਸਥਾਪਨਾ ਕੀਤੀ ਗਈ ਸੀ। 19ਵੀਂ ਸਦੀ ਵਿੱਚ ਭਾਰਤੀ ਮੀਡੀਆ ਨੇ ਜਾਗਰੁਕਤਾ ਨੂੰ ਉਤਸ਼ਾਹਿਤ ਕਰਨ ਅਤੇ ਰਾਸ਼ਟਰਵਾਦੀ ਭਾਵਨਾ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹੋਏ ਮਹੱਤਵਪੂਰਨ ਤੌਰ ਤੇ ਵਿਕਸਿਤ ਅਤੇ ਵਿਸਥਾਰ ਕੀਤਾ ਹੈ। ਅਜ਼ਾਦੀ ਦੀ ਲੜਾਈ ਵਿੱਚ ਇੱਕ ਪ੍ਰਭਾਵਸ਼ਾਲੀ ਅਤੇ ਮੁੱਖ ਭੂਮਿਕਾ ਨਿਭਾਈ। ਇੱਕ ਸੁਤੰਤਰ ਅਤੇ ਆਜ਼ਾਦ ਪ੍ਰੈਸ ਮਜ਼ਬੂਤ ਲੋਕਤੰਤਰ ਦੇ ਚਾਰ ਥੰਮਾਂ ਵਿੱਚੋਂ ਇੱਕ ਹੈ। ਵਿਭਿੰਨ ਧਾਰਮਿਕ ਅਤੇ ਸੱਭਿਆਚਾਰਕ ਪਿਛੋਕੜ ਵਾਲੇ, ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਅਤੇ ਵੱਖ-ਵੱਖ ਜਾਤਾਂ ਅਤੇ ਧਰਮਾਂ ਨਾਲ ਸਬੰਧਤ ਵਖਰੇਵਿਆਂ ਦੇ ਬਾਵਜੂਦ ਏਕਤਾ ਭਾਰਤ ਦਾ ਮਾਣ ਹੈ। ਮੀਡੀਆ ਨੂੰ ਸਮਾਜ ਦਾ ਦਰਪਣ ਮੰਨਿਆ ਜਾਂਦਾ ਹੈ ਅਤੇ ਦਰਪਣ ਦਾ ਕੰਮ ਸਮਤਲ ਦਰਪਣ ਦੀ ਤਰ੍ਹਾਂ ਸਮਾਜ ਦੀ ਸਹੀ ਤਸਵੀਰ ਪੇਸ਼ ਕਰਨਾ ਹੈ ਪਰੰਤੂ ਕਦੀ-ਕਦੀ ਨਿੱਜੀ ਸਵਾਰਥਾਂ ਦੇ ਕਾਰਨ ਮੀਡੀਆ ਸਮਤਲ ਦਰਪਣ ਵਾਂਗ ਕੰਮ ਨਹੀਂ ਕਰਦਾ ਹੈ ਜਿਸ ਕਾਰਨ ਗਲਤ, ਝੂਠੀ, ਕਾਲਪਨਿਕ ਅਤੇ ਘਿਣੌਨੀ ਤਸਵੀਰ ਵੀ ਸਾਹਮਣੇ ਆ ਜਾਂਦੀ ਹੈ। ਭਾਰਤੀ ਮੀਡੀਆ ਅਕਸਰ ਹੀ ਅਜ਼ਾਦ ਰਿਹਾ ਹੈ। ਐਮਰਜੈਂਸੀ ਦੇ ਕਾਲੇ ਦੌਰ ਦੌਰਾਨ ਵੀ ਮੀਡੀਆ ਰਾਜਨੀਤਿਕ ਦਬਾਅ, ਪਾਬੰਦੀਆਂ ਵਾਲੇ ਕਾਨੂੰਨਾਂ ਅਤੇ ਐਮਰਜੈਂਸੀ ਦੇ ਸਮੇਂ ਦੌਰਾਨ ਐਲਾਨਾਂ ਵਰਗੀਆਂ ਕਈ ਤਰ੍ਹਾਂ ਦੀਆਂ ਪਾਬੰਦੀਆਂ ਦੇ ਬਾਵਜੂਦ ਜੀਵਿਤ ਅਤੇ ਸਰਗਰਮ ਰਿਹਾ। ਪਿਛਲੇ ਕੁੱਝ ਸਾਲਾਂ ਵਿੱਚ ਮੀਡੀਆ ਲਈ ਪੇਸ਼ੇਵਰ ਵਜੋਂ ਕੰਮ ਕਰਨਾ ਬਹੁਤ ਚੁਣੌਤੀਪੂਰਨ ਹੋ ਗਿਆ ਹੈ। ਬਹੁਤ ਜ਼ਿਆਦਾ ਕੰਮ ਦਾ ਦਬਾਅ, ਸਮੇਂ ਦੀਆਂ ਪਾਬੰਦੀਆਂ, ਪੇਡ ਨਿਊਜ਼ ਅਤੇ ਮੀਡੀਆ ਹਾਊਸਾਂ ਦੁਆਰਾ ਆਪਣੇ ਬਚਾਅ ਲਈ ਅਪਣਾਏ ਗਏ ਇਸ਼ਤਿਹਾਰਾਂ ਨੇ ਮੀਡੀਆ ਦੀ ਹੋਂਦ ਨੂੰ ਨੁਕਸਾਨ ਪਹੁੰਚਾਇਆ ਹੈ। ਪ੍ਰੈਸ ਆਜ਼ਾਦੀ ਸੂਚਕਾਂਕ ਹਰ ਸਾਲ 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਦੁਆਰਾ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਹ ਪੱਤਰਕਾਰਾਂ ਨੂੰ ਉਪਲਬੱਧ ਅਜ਼ਾਦੀ ਦੇ ਆਧਾਰ ਤੇ ਦੇਸ਼ਾਂ ਨੂੰ ਦਰਜਾ ਦਿੰਦਾ ਹੈ। ਇਸ ਰਿਪੋਰਟ ਅਨੁਸਾਰ 180 ਦੇਸ਼ਾਂ ਵਿੱਚੋਂ ਭਾਰਤ 2025 ਵਿੱਚ ਵਿਸ਼ਵ ਪ੍ਰੈਸ ਆਜ਼ਾਦੀ ਸੂਚਕਾਂਕ ਵਿੱਚ 32.96 ਦੇ ਕੁੱਲ ਸਕੋਰ ਨਾਲ 151ਵੇਂ ਸਥਾਨ ਤੇ ਸੀ ਜੋ ਪਿਛਲੇ ਸਾਲ 159ਵੇਂ ਸਥਾਨ ਤੋਂ 8 ਸਥਾਨ ਉੱਪਰ ਹੈ। ਭਾਰਤ ਵਿੱਚ ਲੱਗਭੱਗ 140000 ਅਖਬਾਰਾਂ ਅਤੇ ਲੱਗਭੱਗ 380 ਟੀਵੀ ਨਿਊਜ਼ ਚੈਨਲ ਹਨ ਪਰ ਮੀਡੀਆ ਆਊਟਲੈਟਾਂ ਦੀ ਬਹੁਤਾਤ ਮਲਕੀਅਤ ਦੇ ਕੇਂਦਰੀਕਰਨ ਵੱਲ ਰੁਝਾਨਾਂ ਨੂੰ ਛੁਪਾਉਂਦੀ ਹੈ। ਭਾਰਤੀ ਚੋਣ ਆਯੋਗ ਵਲੋਂ ਕਈ ਮੀਡੀਆ ਅਦਾਰਿਆਂ ਅਤੇ ਪੱਤਰਕਾਰਾਂ ਤੇ ਵੋਟਾਂ ਦੌਰਾਨ ਪੈਸੇ ਲੈਕੇ ਖਬਰਾਂ ਲਗਾਉਣ ਦੀਆਂ ਸ਼ਿਕਾਇਤਾਂ ਖਤਰਨਾਕ ਸੰਕੇਤ ਹੈ। ਭਾਰਤੀ ਸੰਵਿਧਾਨ ਵਿੱਚ ਦਰਜ ਮੌਲਿਕ ਅਧਿਕਾਰਾਂ ਵਿੱਚ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਪ੍ਰੈਸ ਦੀ ਅਜ਼ਾਦੀ ਵੀ ਸ਼ਾਮਿਲ ਹੈ। ਸਾਬਕਾ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਲੋਕ ਸਭਾ ਵਿੱਚ ਦੱਸਿਆ ਸੀ ਕਿ ਫਰਜ਼ੀ ਖਬਰਾਂ ਦੇ 1100 ਤੋਂ ਵੱਧ ਮਾਮਲੇ ਸਾਹਮਣੇ ਆਏ ਅਤੇ ਪੀ.ਆਈ.ਬੀ. ਨੇ 37000 ਤੋਂ ਵੱਧ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਹੈ। ਸਰਕਾਰ ਦੀ ਆਲੋਚਨਾ ਕਰਨ ਵਾਲੇ ਬਹੁਤੇ ਪੱਤਰਕਾਰਾਂ ਨੂੰ ਪ੍ਰੇਸ਼ਾਨੀ ਅਤੇ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਵਲੋਂ ਮੀਡੀਆ ਸੰਸਥਾਵਾਂ ਪ੍ਰੈਸ ਕੌਂਸਲ ਆਫ਼ ਇੰਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਨਿਗਰਾਨੀ ਕੇਂਦਰ ਤੇ ਗੈਰ ਜਰੂਰੀ ਦਖਲਅੰਦਾਜੀ ਕਰਕੇ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਟੀਆਰਪੀ ਲਈ ਮੀਡੀਆ ਦੀ ਦੁਰਵਰਤੋਂ ਕਰਨਾ, ਰਾਜਨੀਤਿਕ ਲਾਭ, ਗ਼ਲਤ ਪ੍ਰਚਾਰ ਫੈਲਾਉਣਾ ਆਦਿ ਭਾਰਤੀ ਮੀਡੀਆ ਉਦਯੋਗ ਲਈ ਗੰਭੀਰ ਚੁਣੌਤੀਆਂ ਹਨ। ਪ੍ਰੈਸ ਦੀ ਆਜ਼ਾਦੀ ਹਰ ਲੋਕਤੰਤਰੀ ਸਮਾਜ ਦਾ ਇੱਕ ਬੁਨਿਆਦੀ ਪਹਿਲੂ ਹੈ ਅਤੇ ਇੱਕ ਮਹੱਤਵਪੂਰਨ ਮਨੁੱਖੀ ਅਧਿਕਾਰ ਹੈ ਜੋ ਹੋਰ ਅਜ਼ਾਦੀਆਂ ਦੀ ਗਰੰਟੀ ਦਿੰਦਾ ਹੈ ਹਾਲਾਂਕਿ ਵੱਖ-ਵੱਖ ਸੰਸਥਾਵਾਂ ਜਿਵੇਂ ਕਿ ਅਧਿਕਾਰੀ, ਰਾਜਨੀਤਿਕ, ਸਮਾਜਿਕ ਜਾਂ ਧਾਰਮਿਕ ਸੰਗਠਨ ਅਤੇ ਹੋਰ ਦਬਾਅ ਸਮੂਹ ਅਕਸਰ ਪ੍ਰੈਸ ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਤੇ ਇਸਦੇ ਸੁਤੰਤਰ ਵਿਚਾਰਾਂ ਨੂੰ ਚੁੱਪ ਕਰਵਾਇਆ ਜਾ ਸਕੇ। ਉਹ ਪੱਤਰਕਾਰਾਂ ਨੂੰ ਖ਼ਬਰਾਂ ਕਵਰ ਕਰਨ ਤੋਂ ਰੋਕਣ, ਪ੍ਰੈਸ ਕਰਮਚਾਰੀਆਂ ਨੂੰ ਧਮਕੀਆਂ ਦੇਣ ਜਾਂ ਸਰੀਰਕ ਤੌਰ ਤੇ ਹਮਲਾ ਕਰਨ ਜਾਂ ਪ੍ਰੈਸ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੁਆਰਾ ਇਹ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਪ੍ਰੈਸ ਤੇ ਛਾਪੇਮਾਰੀ ਕਰਨਾ ਜਾਂ ਅਖ਼ਬਾਰਾਂ ਦੇ ਪ੍ਰਸਾਰਣ ਵਿੱਚ ਰੁਕਾਵਟ ਪਾਉਣਾ ਹੋਰ ਰਣਨੀਤੀਆਂ ਹਨ ਜੋ ਪ੍ਰੈਸ ਦੇ ਸੁਚਾਰੂ ਕੰਮਕਾਜ ਵਿੱਚ ਰੁਕਾਵਟ ਪਾ ਸਕਦੀਆਂ ਹਨ। ਪ੍ਰੈਸ ਦੀ ਆਜ਼ਾਦੀ ਨੂੰ ਅਜਿਹੇ ਪ੍ਰਭਾਵਾਂ ਤੋਂ ਬਚਾਉਣ ਲਈ ਪ੍ਰੈਸ ਕੌਂਸਲ ਸ਼ਿਕਾਇਤਾਂ ਪ੍ਰਾਪਤ ਕਰਦੀ ਹੈ ਅਤੇ ਉਨ੍ਹਾਂ ਦਾ ਨਿਰਣਾ ਕਰਦੀ ਹੈ। ਭਾਰਤ ਵਿੱਚ ਸਾਲ 2014 ਤੋਂ ਲੈ ਕੇ 2019 ਤੱਕ ਲੱਗਭੱਗ 80 ਪੱਤਰਕਾਰਾਂ ਦਾ ਕਤਲ ਕੀਤਾ ਗਿਆ। ਪ੍ਰੈਸ ਕੌਂਸਲ ਦੀ ਸਾਲਾਨਾ ਰਿਪੋਰਟ ਅਨੁਸਾਰ ਇੱਕ ਸਾਲ ਵਿੱਚ 987 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਅਤੇ ਪਿਛਲੇ ਸਾਲਾਂ ਦੇ 1340 ਮਾਮਲੇ ਬਕਾਇਆ ਸਨ। ਇਹਨਾਂ ਵਿੱਚੋਂ 212 ਸ਼ਿਕਾਇਤਾਂ ਪ੍ਰੈਸ ਦੁਆਰਾ ਸਰਕਾਰ/ਪੁਲਿਸ/ਵਿਅਕਤੀਆਂ ਦੇ ਅਧਿਕਾਰੀਆਂ ਵਿਰੁੱਧ ਪ੍ਰੈੱਸ ਦੀ ਆਜ਼ਾਦੀ ਵਿੱਚ ਕਟੌਤੀ ਕਰਨ ਜਾਂ ਪ੍ਰੈਸ/ਪੱਤਰਕਾਰਾਂ/ਮੀਡੀਆ ਵਾਲਿਆਂ ਤੇ ਹਮਲੇ ਲਈ ਅਤੇ 775 ਸ਼ਿਕਾਇਤਾਂ ਪੱਤਰਕਾਰਤਾ ਦੀ ਨੈਤਿਕਤਾ ਦੀ ਉਲੰਘਣਾ ਲਈ ਪ੍ਰੈਸ ਵਿਰੁੱਧ ਨਿਰਦੇਸ਼ਿਤ ਕੀਤੀਆਂ ਗਈਆਂ ਸਨ। ਸਾਲ ਦੌਰਾਨ ਕੁੱਲ 1132 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ। ਪ੍ਰੈਸ ਕੌਂਸਲ ਦੇ ਤਿਮਾਹੀ ਜਰਨਲ ''ਦਾ ਪੀ.ਸੀ.ਆਈ. ਰਿਵਿਊ'' ਅਨੁਸਾਰ ਤਿਮਾਹੀ ਦੌਰਾਨ ਕੌਂਸਲ ਕੋਲ ਕੁੱਲ 282 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਸਨ ਜਿਨ੍ਹਾਂ ਵਿੱਚੋਂ 48 ਸ਼ਿਕਾਇਤਾਂ ਪ੍ਰੈਸ ਦੁਆਰਾ ਸਮਾਜ ਵਿਰੋਧੀ ਤੱਤਾਂ ਅਤੇ ਅਧਿਕਾਰੀਆਂ ਵਿਰੁੱਧ ਪ੍ਰੈਸ ਦੀ ਆਜ਼ਾਦੀ ਦੀ ਉਲੰਘਣਾ ਲਈ ਦਰਜ ਕੀਤੀਆਂ ਗਈਆਂ ਸਨ ਅਤੇ ਪੱਤਰਕਾਰੀ ਨੈਤਿਕਤਾ ਦੀ ਉਲੰਘਣਾ ਲਈ ਪ੍ਰੈਸ ਵਿਰੁੱਧ 234 ਮਾਮਲੇ ਦਰਜ ਕੀਤੇ ਗਏ ਸਨ। ਇਨ੍ਹਾਂ ਰਿਪੋਰਟਾਂ ਨੂੰ ਵੇਖਕੇ ਪਤਾ ਚੱਲਦਾ ਹੈ ਕਿ ਅੱਜ ਜਿੱਥੇ ਵੱਖ ਵੱਖ ਸਰਕਾਰੀ ਅਧਿਕਾਰੀਆਂ ਵਲੋਂ ਪ੍ਰੈਸ ਦੀ ਅਜ਼ਾਦੀ ਖਤਮ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਉਥੇ ਦੂਜੇ ਪਾਸੇ ਬਹੁਤੇ ਮੀਡੀਆ ਕਰਮੀ ਵੀ ਅਪਣੀ ਬਣਦੀ ਭੂਮਿਕਾ ਸਹੀ ਢੰਗ ਨਾਲ ਨਹੀਂ ਨਿਭਾ ਰਹੇ ਹਨ। ਦੇਸ਼ ਵਿੱਚ ਚੋਣਾਂ ਦੌਰਾਨ ਸਾਹਮਣੇ ਆਏ ਪੇਡ ਨਿਊਜ਼ ਦੇ ਹਜ਼ਾਰਾਂ ਮਾਮਲਿਆਂ ਨੇ ਵੀ ਪ੍ਰੈਸ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾਇਆ ਹੈ ਜੋਕਿ ਪ੍ਰੈਸ ਦੀ ਅਜ਼ਾਦੀ ਲਈ ਖਤਰਾ ਹੈ। ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਸਰਕਾਰ ਨੇ ਕਈ ਵਾਰ ਮੋਬਾਈਲ ਅਤੇ ਇੰਟਰਨੈਟ ਸੇਵਾਵਾਂ ਨੂੰ ਮੁਅੱਤਲ ਕੀਤਾ ਅਤੇ ਆਈਟੀ ਕਾਨੂੰਨ ਅਧੀਨ ਰਾਸ਼ਟਰੀ ਸੁਰੱਖਿਆ ਦੀ ਉਲੰਘਣਾ ਦਾ ਹਵਾਲਾ ਦਿੰਦੇ ਹੋਏ ਕਈ ਯੂਟਿਊਬ ਚੈਨਲਾਂ ਤੇ ਪਾਬੰਦੀ ਲਗਾ ਦਿੱਤੀ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਇਨਕਮ ਟੈਕਸ ਵਿਭਾਗ ਨੇ ਕੁੱਝ ਮੀਡੀਆ ਹਾਊਸਾਂ ਜਾਂ ਅਖਬਾਰਾਂ ਦੇ ਦਫਤਰਾਂ ਅਤੇ ਪੱਤਰਕਾਰਾਂ ਦੇ ਘਰਾਂ ਤੇ ਛਾਪੇ ਮਾਰੇ ਜੋ ਸਰਕਾਰ ਦੀਆਂ ਨੀਤੀਆਂ ਅਤੇ ਕੰਮਕਾਜ ਦੀ ਆਲੋਚਨਾ ਕਰਦੇ ਸਨ। ਸਰਕਾਰ ਦੁਆਰਾ ਕੁੱਝ ਵਿਦੇਸ਼ੀ ਪੱਤਰਕਾਰਾਂ ਨੂੰ ਮੰਤਰਾਲਿਆਂ ਦੀ ਆਲੋਚਨਾਤਮਕ ਰਿਪੋਰਟਾਂ ਦੀ ਵਿਆਖਿਆ ਕਰਨ ਲਈ ਤਲਬ ਕੀਤਾ ਗਿਆ ਹੈ। ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਕੁੱਝ ਮੀਡੀਆ ਕਰਮੀਆਂ ਦੇ ਨਾਕਾਰਤਮਕ ਰਵਈਏ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵਿਸ਼ਵਾਸ਼ ਉਠਦਾ ਜਾ ਰਿਹਾ ਹੈ ਜੋ ਕਿ ਸਮਾਜ ਅਤੇ ਦੇਸ਼ ਲਈ ਇੱਕ ਖਤਰਨਾਕ ਸੰਕੇਤ ਹੈ। ਮੀਡੀਆ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀ ਪੱਤਰਕਾਰ ਵਜੋਂ ਕੰਮ ਕਰ ਰਹੇ ਹਨ ਅਤੇ ਅਜਿਹੇ ਪੱਤਰਕਾਰ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ। ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਆਰਟੀਕਲ ਨਹੀਂ ਲਿਖ ਸਕਦਾ ਅਤੇ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ ਅਤੇ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ। ਸਰਕਾਰੀ ਨੀਤੀਆਂ ਅਤੇ ਫੈਸਲਿਆਂ ਦੀ ਆਲੋਚਨਾ ਕਰਨ, ਲੇਖਾ- ਜੋਖਾ ਕਰਨ ਦੀ ਸ਼ਕਤੀ ਰੱਖਣ ਅਤੇ ਜਨਤਕ ਹਿੱਤਾਂ ਦੀ ਵਕਾਲਤ ਕਰਨ ਲਈ ਮੀਡੀਆ ਦੀਆਂ ਜ਼ਿੰਮੇਵਾਰੀਆਂ ਸਭ ਤੋਂ ਵੱਧ ਹਨ। ਮੀਡੀਆ ਦੀ ਵਰਤੋਂ ਸਮਾਜ ਦੇ ਭਲੇ ਲਈ ਕਰਨ ਲਈ ਜ਼ਿੰਮੇਵਾਰ ਪੱਤਰਕਾਰੀ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਲੋਕਤੰਤਰ ਦੇ ਚੌਥੇ ਥੰਮ ਮੀਡੀਆ ਨੂੰ ਬਚਾਉਣ ਦੀ ਲੋੜ ਹੈ ਤਾਂ ਜੋ ਹੱਕ ਅਤੇ ਸੱਚ ਦੀ ਆਵਾਜ਼ ਬੁਲੰਦ ਰਹਿ ਸਕੇ। ਮੀਡੀਆ ਦੀ ਖਤਰਨਾਕ ਹੋ ਰਹੀ ਭੂਮਿਕਾ ਬਾਰੇ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ ਅਤੇ ਇਸਦੀ ਭੂਮਿਕਾ ਨੂੰ ਬਚਾਉਣ ਵਾਸਤੇ ਢੁੱਕਵੇਂ ਕਦਮ ਚੱਕਣੇ ਪੈਣਗੇ ਨਹੀਂ ਤਾਂ 16 ਨਵੰਬਰ ਦਾ ਦਿਹਾੜਾ ਜੋ ਕਿ ਰਾਸ਼ਟਰੀ ਪ੍ਰੈਸ ਦਿਵਸ ਵਜੋਂ ਮਨਾਇਆ ਜਾਂਦਾ ਹੈ ਸਿਰਫ ਖਾਨਾਪੂਰਤੀ ਬਣਕੇ ਹੀ ਰਹਿ ਜਾਵੇਗਾ।




# ਮਾਤਾ ਸੁਰਜੀਤ ਕੌਰ ਦੀ ਮ੍ਰਿਤਕ ਦੇਹ ਮੈਡੀਕਲ ਖ਼ੋਜ ਕਾਰਜਾਂ ਲਈ ਦਾਨ,

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 15 ਨਵੰਬਰ
INTERNATIONAL PAPER, 9463601616
hardipchumber57@gmail.com



ਮਾਨਸਾ 15 ਨਵੰਬਰ (ਆਤਮਾ ਸਿੰਘ ਪਮਾਰ)

ਤਰਕਸ਼ੀਲ ਸੁਸਾਇਟੀ ਜ਼ਿਲ੍ਹਾ ਮਾਨਸਾ ਦੇ ਸੀਨੀਅਰ ਆਗੂ ਲੱਖਾ ਸਿੰਘ ਸਹਾਰਨਾ ਦੀ ਅਗਵਾਈ ਹੇਠ ਅੱਜ ਮਾਨਸਾ ਵਿਖੇ ਮਾਤਾ ਸੁਰਜੀਤ ਕੌਰ (71) ਪਤਨੀ ਸਵ.ਅਧਿਆਪਕ ਸ.ਕੁਲਵੰਤ ਸਿੰਘ ਦੀ ਮ੍ਰਿਤਕ ਦੇਹ ਹਸਪਤਾਲ ਅਤੇ ਮੈਡੀਕਲ ਕਾਲਜ ਬੁੱਚੋ ਕਲਾਂ ਦੇ ਡਾਕਟਰਾਂ ਦੀ ਟੀਮ ਨੂੰ ਖ਼ੋਜ ਕਾਰਜਾਂ ਲਈ ਸੌਂਪ ਦਿੱਤੀ ਗਈ। ਜਾਣਕਾਰੀ ਅਨੁਸਾਰ ਮਾਤਾ ਸੁਰਜੀਤ ਕੌਰ ਪਿਛਲੇ ਕੁੱਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ। ਮਾਤਾ ਜੀ ਦੇ ਬਹਿਨੋਈ ਕੌਰ ਸਿੰਘ ਸੇਵਾ ਮੁਕਤ ਵੈਟਰਨਰੀ ਕੰਪਾਊਡਰ ਨੇ ਇਸ ਮੌਕੇ ਦੱਸਿਆ ਕਿ ਉਹ ਆਪਣਾ ਸਰੀਰ ਖੋਜ ਕਾਰਜਾਂ ਲਈ ਦੇਣ ਵਾਸਤੇ ਕਈ ਵਾਰ ਇੱਛਾ ਪ੍ਰਗਟ ਕਰ ਚੁੱਕੀ ਸੀ। ਇਸ ਲਈ ਉਹਨਾਂ ਦੀਆਂ ਭਾਵਨਾਵਾਂ ਨੂੰ ਧਿਆਨ ਹਿੱਤ ਰੱਖਦਿਆਂ ਹੀ ਸਮੁੱਚੇ ਪਰਿਵਾਰ ਦੀ ਸਹਿਮਤੀ ਨਾਲ ਇਹ ਫੈਸਲਾ ਲਿਆ ਗਿਆ ਹੈ। ਇਸ ਸਮੇਂ ਆਦੇਸ਼ ਹਸਪਤਾਲ ਦੇ ਐਮ ਡੀ ਕਰ ਰਹੇ ਡਾ. ਵਿਸ਼ਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੈਡੀਕਲ ਦੀ ਪੜ੍ਹਾਈ ਕਰ ਰਹੇ ਡਾਕਟਰਾਂ ਲਈ ਬਿਮਾਰੀਆਂ ਦੀ ਖੋਜ ਕਰਨ ਵਾਸਤੇ ਦਾਨ ਕੀਤੀਆਂ ਜਾਣ ਵਾਲੀਆਂ ਮ੍ਰਿਤਕ ਦੇਹਾਂ ਕਾਫੀ ਲਾਹੇਵੰਦ ਸਾਬਤ ਹੁੰਦੀਆਂ ਹਨ, ਜੋ ਭਵਿੱਖ 'ਚ ਮਰੀਜ਼ਾਂ ਦਾ ਸਹੀ ਇਲਾਜ ਕਰਨ ਸਮੇਂ ਕਾਰਗਰ ਸਿੱਧ ਹੁੰਦੀਆਂ ਹਨ। ਇਸ ਮੌਕੇ ਉਨ੍ਹਾਂ ਜਿੱਥੇ ਇਸ ਲੋਕ ਹਿਤੂ ਕਾਰਜ ਲਈ ਪਰਿਵਾਰ ਦਾ ਧੰਨਵਾਦ ਕੀਤਾ ਉੱਥੇ ਨਾਲ ਹੀ ਤਰਕਸ਼ੀਲ ਸੁਸਾਇਟੀ ਮਾਨਸਾ ਦੇ ਆਗੂਆਂ ਦੀ ਅਜਿਹੇ ਸ਼ੁਭ ਕਾਰਜਾਂ ਵੀ ਸ਼ਲਾਘਾ ਕੀਤੀ। ਉਹਨਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਪਿਛਾਖੜੀ ਸੋਚ ਨੂੰ ਤਿਆਗਦਿਆਂ ਇਸ ਮਨੁੱਖੀ ਭਲਾਈ ਦੇ ਕੰਮ ਵੱਲ ਵਿਸ਼ੇਸ਼ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।ਇਸ ਸਮੇਂ ਸਾਬਕਾ ਵਿਧਾਇਕ ਜਗਦੇਵ ਸਿੰਘ ਕਮਾਲੂ,ਮਿੱਠੂ ਸਿੰਘ ਕਾਹਨੇਕੇ, ਸਾਬਕਾ ਅਧਿਆਪਕ ਆਗੂ ਅੰਗਰੇਜ਼ ਸਿੰਘ,ਸੇਠੀ ਸਿੰਘ ਸਰਾਂ, ਇੰਸਪੈਕਟਰ ਬਾਦਸ਼ਾਹ ਸਿੰਘ, ਹਰਬੰਸ ਸਿੰਘ ਢਿੱਲੋਂ,ਹਰਗਿਆਨ ਸਿੰਘ ਢਿੱਲੋਂ, ਮਹਿੰਦਰ ਪਾਲ ਅਤਲਾ, ਆਤਮਾ ਸਿੰਘ ਪਮਾਰ,ਐਡਵੋਕੇਟ ਬਾਬੂ ਸਿੰਘ, ਤਰਕਸ਼ੀਲ ਆਗੂ ਗੁਰਦੀਪ ਸਿੰਘ ਸਿੱਧੂ, ਕ੍ਰਿਸ਼ਨ ਸਿੰਘ ਮਾਨਬੀਬੜੀਆਂ ,ਡਾ.ਮੈਂਗਲ ਸਿੰਘ,ਦਰਸ਼ਨ ਸਿੰਘ ਚਹਿਲ ਅਤੇ ਭਗਵਾਨ ਸਿੰਘ ਰੱਲਾ ਤੋਂ ਇਲਾਵਾ ਵੱਡੀ ਗਿਣਤੀ ਰਿਸ਼ਤੇਦਾਰ ਅਤੇ ਮਿੱਤਰ ਦੋਸਤ ਵੀ ਹਾਜ਼ਰ ਸਨ।

# ਰਾਜ ਪੱਧਰੀ ਨਾਟਕ ਮੇਲਾ ਦੇ ਸਮਾਪਨ ਸਮਾਰੋਹ ‘ਤੇ ਨਾਟਕ ‘-00000’ ਨੇ ਦਰ ਸ਼ਕਾਂ ਨੂੰ ਹਸਾਉਂਦੇ ਹੋਏ ਸੋਚਣ ਲਈ ਕੀਤਾ ਮਜਬੂਰ

## ਨਾਟਕ ਨੇ ਵਿਅੰਗ ਰਾਹੀਂ ਕੀਤੀ ਅਜੋਕੇ ਸਮਾਜ ‘ਤੇ ਚੋਟ

“Equality and justice” Patiala 15 November INTERNATIONAL PAPER, 94636 01616 hardipchumber57@gmail.com



ਬਠਿੰਡਾ ਨਵੰਬਰ (ਅੰਗਰੇਜ ਸਿੰਘ ਵਿੱਕੀ) ਬਲਵੰਤ ਗਾਰਗੀ ਆਡੀਟੋਰੀਅਮ ਬਠਿੰਡਾ ਵਿਖੇ ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਤੇ ਭਾਸ਼ਾ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ,ਨਗਰ ਨਿਗਮ ਬਠਿੰਡਾ ਅਤੇ ਨਾਟਿਅਮ ਪੰਜਾਬ ਦੇ ਸਹਿਯੋਗ ਸਦਕਾ ਤਿੰਨ-ਰੋਜ਼ਾ ਰਾਜ-ਪੱਧਰੀ ਨਾਟਕ ਮੇਲੇ ਦੇ ਸਮਾਪਨ ਸਮਾਰੋਹ ਦੌਰਾਨ ਪੇਸ਼ ਕੀਤੇ ਨਾਟਕ ‘-00000’ ਨੇ ਦਰਸ਼ਕਾਂ ਨੂੰ ਹਸਾਉਂਦੇ ਹੋਏ ਸੋਚਣ ਲਈ ਮਜਬੂਰ ਕੀਤਾ। ਜੱਸੀ ਜਸਪ੍ਰੀਤ ਦੇ ਲਿਖੇ ਇਸ ਨਾਟਕ ਨੂੰ ਟੀਮ ਨਾਟਿਅਮ ਪੰਜਾਬ ਨੇ ਕੀਰਤੀ ਕਿਰਪਾਲ ਦੇ ਨਿਰਦੇਸ਼ਨ ਹੇਠ ਖੇਡਿਆ। ਇਸ ਵਿਅੰਗ ਭਰਪੂਰ ਨਾਟਕ ਨੇ ਦਰਸ਼ਕਾਂ ਨੂੰ ਬਾਹਰੋਂ ਸ਼ਾਂਤੀ ਲੱਭਣ ਦੀ ਬਜਾਇ ਕਾਮ,ਕ੍ਰੋਧ, ਲੋਭ,ਮੋਹ ਤੇ ਅਹੰਕਾਰ ਤਿਆਗ ਕੇ ਆਪਣੇ ਅੰਤਰ ਮਨ ‘ਚ ਸ਼ਾਂਤੀ ਲੱਭਣ ਲਈ ਪ੍ਰੇਰਿਆ। ਨਾਟਕ ਪੇਸ਼ਕਾਰੀ ਦੌਰਾਨ ਹਾਲ ਲਗਾਤਾਰ ਹਾਸਿਆਂ ਤੇ ਤਾੜੀਆਂ ਨਾਲ ਗੂੰਜਦਾ ਰਿਹਾ। ਗੁਰਨੂਰ ਸਿੰਘ ਨੇ ਡਾ.ਦਿਲਦਾਰ ਸਿੰਘ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੇ ਪੁਲਿਸ ਵਾਲੇ ਦਾ ਕਿਰਦਾਰ ਨਿਭਾ ਕੇ ਦਰਸ਼ਕਾਂ ਨੂੰ ਲੋਟ-ਪੋਟ ਕਰ ਦਿੱਤਾ।ਨਾਟ-ਉਤਸਵ ਦੇ ਸਮਾਪਨ ਸਮਾਰੋਹ ਵਿੱਚ ਸ਼੍ਰੀ ਪਦਮਜੀਤ ਮਹਿਤਾ ਮੇਅਰ ਨਗਰ ਨਿਗਮ ਬਠਿੰਡਾ, ਡਾ. ਅਸ਼ਵਨੀ ਗਰੇਵਰ ਨਿਊਰੋਸਰਜਨ ,ਡਾ.ਜੋਤੀ ਭੱਲਾ ਗਰੇਵਰ ਪਲਾਸਟਿਕ ਸਰਜਨ ਰਿਵਾਈਂਡ ਨਿਊਰੋ ਐਂਡ ਪਲਾਸਟਿਕ ਸਰਜਰੀ ਹਸਪਤਾਲ ਅਤੇ ਸ਼੍ਰੀਮਤੀ ਬਬੀਤਾ ਮਹਿਤਾ ਨੇ ਸਤਿਕਾਰਿਤ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ।ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਅਤੇ ਨਾਟਿਅਮ ਪੰਜਾਬ ਦੇ ਸਹਿ ਸਰਪ੍ਰਸਤ ਸ. ਗੁਰਿੰਦਪਾਲ ਸਿੰਘ ਬਰਾੜ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਬੋਲਦਿਆਂ ਨਾਟਿਅਮ ਪੰਜਾਬ ਦੇ ਪ੍ਰਧਾਨ ਰਿੰਪੀ ਕਾਲੜਾ ਨੇ ਕਿਹਾ ਕਿ ਬਠਿੰਡਾ ਦੇ ਦਰਸ਼ਕਾਂ ਦੇ ਰੰਗਮੰਚ ਪ੍ਰਤੀ ਪਿਆਰ ਸਦਕਾ ਹੀ ਭਾਸ਼ਾ ਵਿਭਾਗ ਪੰਜਾਬ ਵੱਲੋਂ ਤਕਰੀਬਨ ਹਰ ਸਾਲ ਰਾਜ-ਪੱਧਰੀ ਨਾਟਕ ਮੇਲਾ ਇਸੇ ਸ਼ਹਿਰ ਨੂੰ ਮਿਲਦਾ ਹੈ ਅਤੇ ਉਮੀਦ ਹੈ ਕਿ ਇਹ ਪਿਆਰ ਅੱਗੇ ਤੋਂ ਵੀ ਇਸੇ ਤਰ੍ਹਾਂ ਬਰਕਰਾਰ ਰਹੇਗਾ। ਅੰਤ ਵਿੱਚ ਭਾਸ਼ਾ ਵਿਭਾਗ ਦੇ ਸਹਾਇਕ ਡਾਇਰੈਕਟਰ ਤਜਿੰਦਰ ਗਿੱਲ ਅਤੇ ਖੋਜ ਅਫ਼ਸਰ ਨਵਪ੍ਰੀਤ ਸਿੰਘ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਦੌਰਾਨ ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਦੇ ਵਿਕਰੀ ਕੇਂਦਰ ਇੰਚਾਰਜ ਸ਼੍ਰੀ ਸੁਖਮਨੀ ਸਿੰਘ ਵੱਲੋਂ ਲਗਾਈ ਗਈ ਪੁਸਤਕ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਬਣੀ ਰਹੀ ਅਤੇ ਓਪਨ ਮਾਈਕ ਸੈਸ਼ਨ ਵਿੱਚ ਵੀ ਪੂਰੀ ਤਰ੍ਹਾਂ ਸਫ਼ਲ ਰਿਹਾ। ਮੰਚ ਸੰਚਾਲਕ ਦੀ ਭੂਮਿਕਾ ਡਾ.ਸੰਦੀਪ ਸਿੰਘ ਮੋਹਲਾਂ ਨੇ ਨਿਭਾਈ।ਨਾਟਿਅਮ ਵਿੱਤ ਸਕੱਤਰ ਓ.ਪੀ. ਚਾਵਲਾ, ਮੈਡਮ ਮਾਲਵਿੰਦਰ ਕੌਰ ਡਾਇਰੈਕਟਰ ਸਿਲਵਰ ਓਕਸ ਸਕੂਲ, ਗੁਰਲਾਲ ਸਿੰਘ ਸਰਾਂ, ਪ੍ਰਿੰਸੀਪਲ ਨੀਲਮ ਵਰਮਾ, ਪ੍ਰਿੰਸੀਪਲ ਜਸਵਿੰਦਰ ਸੰਧੂ, ਪ੍ਰਿੰਸੀਪਲ ਜਸਪਾਲ ਸਿੰਘ ਰੋਮਾਣਾ, ਅਨਿਲ ਕੁਮਾਰ, ਸ਼ੁਭਮ ਕੁਮਾਰ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸਾਹਿਤਕ ਹਸਤੀਆਂ ਵਿੱਚੋਂ ਜਸਪਾਲ ਮਾਨਖੇੜਾ, ਸੁਰਿੰਦਰਪ੍ਰੀਤ ਘਣੀਆ ਅਤੇ ਸਮੂਹ ਨਾਟਿਅਮ ਆਰਟਿਸਟ ਮੌਜੂਦ ਸਨ।

# ਲੰਮੇ ਸਮੇਂ ਤੋਂ ਲਮਕਦੀਆਂ ਮੰਗਾਂ ਨੂੰ ਲੈ ਕੇ ਪੀ ਆਰ ਟੀ ਸੀ ਪੈਨਸ਼ਨਰਜ ਮਾਰਨਗੇ ਮੁੱਖ ਦਫਤਰ ਵਿਖੇ 19 ਨਵੰਬਰ ਨੂੰ ਲਾ-ਮਿਸਾਲ ਧਰਨਾ

“Equality and justice” Patiala 15 November INTERNATIONAL PAPER, 94636 01616 hardipchumber57@gmail.com

ਪੀ ਆਰ ਟੀ ਸੀ ਪੈਨਸ਼ਨਰਜ ਐਸੋਸੀਏਸ਼ਨ ਵਲੋਂ ਉਲੀਕੇ ਪ੍ਰੋਗਰਾਮ ਮੁਤਾਬਿਕ , ਆਪਣੀਆਂ ਮੰਗਾਂ ਜਿਵੇਂ ਕਿ ਪੈਨਸ਼ਨ ਸਮੇਂ ਸਿਰ (ਹਰ ਮਹੀਨੇ ਦੀ ਦਸ ਤਰੀਕ ਤਕ) ਪਾਉਣੀ, 2016 ਦੇ ਪੇ-ਕਮਿਸ਼ਨ ਦੇ ਬਕਾਏ, ਮੈਡੀਕਲ ਬਿਲਾਂ ਦੀ ਅਦਾਇਗੀ (ਜੋ ਕਿ ਜਨਵਰੀ2025 ਤੋਂ ਪੈਂਡਿੰਗ ਪਈ ਹੈ)ਤੁਰੰਤ ਕਰਾਉਣੀ ਅਤੇ ਨਵੇਂ ਸੇਵਾ ਮੁਕਤ ਹੋ ਰਹੇ ਵਿਅਕਤੀਆਂ ਦੇ ਪੈਨਸ਼ਨਰੀ ਲਾਭ, ਗਰੈਚੁਟੀ ,ਲੀਵ ਇਨਕੈਸ਼ਮੈਂਟ ਤੇ ਹੋਰ ਬਕਾਇਆਂ ਦੀ ਅਦਾਇਗੀ ਦੀ ਮੰਗ ਨੂੰ ਲੈ ਕੇ,ਜਿਸ ਸਬੰਧੀ ਮਿਤੀ 3-10-25 ਨੂੰ ਮੈਨੇਜਮੈਂਟ ਨੂੰ ਮੰਗ ਪੱਤਰ ਵੀ ਦਿੱਤਾ ਸੀ ਪਰੰਤੂ ਮੈਨੇਜਮੈਂਟ ਨੇ ਕੋਈ ਹੁੰਗਾਰਾ ਨਹੀਂ ਦਿੱਤਾ ਜਿਸ ਕਾਰਨ ਪੀ ਆਰ ਟੀ ਸੀ ਦੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਤੇ ਨਿਰਾਸ਼ਾ ਪਾਈ ਜਾ ਰਹੀ ਹੈ।ਇਨ੍ਹਾਂ ਮੰਗਾਂ ਨੂੰ ਲੈ ਕੇ ਵਾਰ ਵਾਰ ਮੈਨੇਜਮੈਂਟ ਦਾ ਦਰਵਾਜ਼ਾ ਖੜਕਾਇਆ ਪਰੰਤੂ ਮੈਨੇਜਮੈਂਟ ਦੇ ਕੰਨਾਂ ‘ਤੇ ਜੂੰ ਨਹੀਂ ਸਰਕੀ । ਖਰਚੇ ਤੋਂ ਤੰਗ ਆਏ ਬਜ਼ੁਰਗ ਪੈਨਸ਼ਨਰਜ ਬੀਮਾਰੀਆਂ ਨਾਲ ਜੂਝ ਰਹੇ ਹਨ,ਕਈ ਤਾਂ ਇਲਾਜ ਨਾ ਹੋਣ ਕਾਰਨ ਪਰਮਾਤਮਾ ਨੂੰ ਪਿਆਰੇ ਹੋ ਚੁੱਕੇ ਹਨ। ਸੋ ਬੋਲੀ ਸਰਕਾਰ ਅਤੇ ਮੈਨੇਮੈਂਟ ਦੇ ਕੰਨਾਂ ਤਕ ਅਵਾਜ਼ ਪਹੁੰਚਾਉਣ ਲਈ , ਕੇਂਦਰੀ ਬਾਡੀ ਦੇ ਫੈਸਲੇ ਮੁਤਾਬਿਕ ਪੀ ਆਰ ਟੀ ਸੀ ਦੇ ਸਮੁੱਚੇ ਪੈਨਸ਼ਨਰਾਂ ਵਲੋਂ ਮਿਤੀ 19-11-25 ਨੂੰ ਸਵੇਰੇ ਦਸ ਵਜੇ ਪੀ ਆਰ ਟੀ ਸੀ ਦੇ ਮੁੱਖ ਦਫਤਰ ਵਿਖੇ ਇਕ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਸਾਰੇ ਡਿਪੂਆਂ ਨਾਲ ਸਬੰਧਿਤ ਸਾਰੇ ਪੈਨਸ਼ਨਰ ਸ਼ਾਮਲ ਹੋਣਗੇ। ਸੋ ਸਾਰੇ ਡਿਪੂਆਂ ਨਾਲ ਸਬੰਧਿਤ ਸਮੁੱਚੇ ਪੈਨਸ਼ਨਰਾਂ ਨੂੰ ਇਸ ਵਿਸ਼ਾਲ ਰੋਸ ਧਰਨੇ ਵਿੱਚ ਵਧ ਚੜ੍ਹਕੇ ਸ਼ਮੂਲੀਅਤ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

# ਸਲਾਈਟ ਵਿਖੇ ਖੋਜਕਾਰਾਂ ਲਈ ਰਿਸਰਚ ਫੈਸਿਲਟੀ ਟ੍ਰੇਨਿੰਗ ਪ੍ਰੋਗਰਾਮ ਦਾ ਆਯੋਜਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 15 ਨਵੰਬਰ INTERNATIONAL PAPER, 94636 01616 hardipchumber57@gmail.com



ਲੌਂਗੋਵਾਲ,15 ਨਵੰਬਰ (ਜਗਸੀਰ ਸਿੰਘ)- ਸੰਤ ਲੌਂਗੋਵਾਲ ਇੰਸਟੀਟਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਸਲਾਈਟ), ਲੌਂਗੋਵਾਲ ਦੇ ਇਲੈਕਟ੍ਰਾਨਿਕਸ ਅਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ ਵਿਭਾਗ ਵੱਲੋਂ ਖੋਜਕਾਰਾਂ ਲਈ ਰਿਸਰਚ ਫੈਸਿਲਟੀ ਟ੍ਰੇਨਿੰਗ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਸਾਇੰਟਿਫਿਕ ਸੋਸ਼ਲ ਰਿਸਪਾਂਸਿਬਿਲਟੀ ਪਹਿਲ ਦੇ ਤਹਿਤ ਕਰਵਾਇਆ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਖੋਜ ਹੁਨਰਾਂ ਨੂੰ ਵਧਾਉਣਾ ਅਤੇ ਭਾਗੀਦਾਰਾਂ ਨੂੰ ਪ੍ਰੋਜੈਕਟ ਹੇਠ ਉਪਲਬਧ ਉੱਚ ਪੱਧਰੀ ਰਿਸਰਚ ਸੁਵਿਧਾਵਾਂ ਨਾਲ ਜਾਣੂ ਕਰਵਾਉਣਾ ਸੀ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਡਾਇਰੈਕਟਰ ਸਲਾਈਟ ਪ੍ਰੋ. ਮਨੀਕਾਂਤ ਪਾਸਵਾਨ ਨੇ ਸ਼ਿਰਕਤ ਕੀਤੀ ਅਤੇ ਉਨ੍ਹਾਂ ਦੇਸ਼ ਦੀ ਤਰੱਕੀ ਵਿੱਚ ਰਿਸਰਚ-ਅਧਾਰਤ ਨਵੀਨਤਾ ਦੇ ਮਹੱਤਵ ‘ਤੇ ਚਰਚਾ ਕੀਤੀ। ਪ੍ਰੋ. ਅਜੈ ਪਾਲ ਸਿੰਘ, ਮੁਖੀ, ਈ.ਸੀ.ਈ. ਵਿਭਾਗ ਨੇ ਸਾਂਝੇ ਸਿੱਖਣ ਅਤੇ ਤਕਨੀਕੀ ਵਿਕਾਸ ਦੀ ਲੋੜ ਉਤੇ ਜੋਰ ਦਿੱਤਾ। ਇਹ ਪ੍ਰੋਗਰਾਮ ਪ੍ਰੋ. ਸੁਰਿੰਦਰ ਸਿੰਘ, ਪ੍ਰੋਜੈਕਟ ਇਨਵੈਸਟੀਗੇਟਰ ਅਤੇ ਡੀਨ (ਆਰ ਐਂਡ ਸੀ), ਪ੍ਰੋ. ਜੇ. ਐਸ. ਉਬੀ, ਪ੍ਰੋਜੈਕਟ ਸਹਿ-ਅਨੁਸੰਧਾਨਕਾਰੀ ਦੀ ਅਗਵਾਈ ਹੇਠ ਕੀਤਾ ਗਿਆ, ਜਿਨ੍ਹਾਂ ਨੇ ਪ੍ਰੋਜੈਕਟ ਦੇ ਉਦੇਸ਼ਾਂ ਅਤੇ 6 - ਜੀ ਕਮਿਊਨੀਕੇਸ਼ਨ ਸਿਸਟਮ ਵਿੱਚ ਇਸ ਦੇ ਉਪਯੋਗ ਬਾਰੇ ਮਹੱਤਵਪੂਰਣ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਇਹ ਵੀ ਦਰਸਾਇਆ ਕਿ ਇੱਕ ਹੀ ਲੇਜ਼ਰ ਸਰੋਤ ਨੂੰ ਫ੍ਰੀਕਵੈਂਸੀ ਕੌਮ ਵਜੋਂ ਵਰਤਣਾ ਘੱਟ ਲਾਗਤ ਤੇ ਸੰਚਾਰ ਕੁਸ਼ਲਤਾ ਵਧਾਉਣ ਲਈ ਲਾਭਕਾਰੀ ਹੈ। ਇਸ ਸਮੇਂ ਹੋਰ ਮਾਨਯੋਗ ਮਹਿਮਾਨਾਂ ਵਿੱਚ ਪ੍ਰੋ. ਕਮਲੇਸ਼ ਪ੍ਰਸਾਦ (ਡੀਨ ਐਫ.ਐਸ. ਡਬਲਯੂ ) ਅਤੇ ਪ੍ਰੋ. ਆਰ. ਕੇ. ਮਿਸ਼ਰਾ (ਡੀਨ ਏ ਐਂਡ ਆਈ ਆਰ ) ਨੇ ਵੀ ਹਾਜ਼ਰੀ ਭਰੀ। ਇਸ ਟ੍ਰੇਨਿੰਗ ਪ੍ਰੋਗਰਾਮ ਨੇ ਵੱਖ-ਵੱਖ ਖੋਜ ਖੇਤਰਾਂ ਵਿੱਚ ਕੰਮ ਕਰ ਰਹੇ ਵਿਦਵਾਨਾਂ ਨੂੰ ਕੀਮਤੀ ਗਿਆਨ ਪ੍ਰਦਾਨ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਸਾਰੇ ਭਾਗੀਦਾਰਾਂ ਲਈ ਰਿਫਰੈਸ਼ਮੈਂਟ ਦੀ ਵੀ ਵਿਵਸਥਾ ਕੀਤੀ ਗਈ।

# ਦਿੱਲੀ ਲਾਲ ਕਿਲੇ ਦੇ ਸਾਹਮਣੇ ਚਿੱਟੇ ਦਿਨ ਵਾਰਦਾਤ ਨੂੰ ਅੰਜਾਮ ਦੇਣਾ ਕਿਸੇ ਚੁਣੌਤੀ ਤੋ ਘੱਟ ਨਹੀ : ਲੰਬਰਦਾਰ ਰਣਜੀਤ ਰਾਣਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 15 ਨਵੰਬਰ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ 15 ਨਵੰਬਰ ( ਤਰਸੇਮ ਦੀਵਾਨਾ ) - ਉੱਘੇ ਸਮਾਜ ਸੇਵਕ ਅਤੇ ਪੁਰਹੀਰਾਂ ਤੋ ਲੰਬਰਦਾਰ ਰਣਜੀਤ ਸਿੰਘ ਰਾਣਾ ਨੇ ਦਿੱਲੀ ਦੇ ਲਾਲ ਕਿਲੇ ਦੇ ਬਾਹਰ ਹੋਏ ਬੰਬ ਧਮਾਕੇ ਬਾਰੇ ਟਿੱਪਣੀ ਕਰਦਿਆਂ ਇਸ ਨੂੰ ਮਨੁੱਖਤਾ ਵਿਰੋਧੀ ਨਿੰਦਣਯੋਗ ਵਾਰਦਾਤ ਦੱਸਿਆ। ਉਹਨਾਂ ਧਮਾਕੇ ਵਿੱਚ ਜਾਨਾਂ ਗੁਆਉਣ ਵਾਲੇ ਪਰਿਵਾਰਾਂ ਪ੍ਰਤੀ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਜਖਮੀ ਹੋਏ ਨਾਗਰਿਕਾਂ ਦੀ ਸਿਹਤਯਾਬੀ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ। ਇਸ ਦੌਰਾਨ ਉਹਨਾਂ ਇੱਕ ਵਾਰ ਫਿਰ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੀਆਂ ਅੱਤਵਾਦ ਦੇ ਮਾਮਲੇ ‘ਚ ਕਾਰਗੁਜਾਰੀਆਂ ਨੂੰ ਲੈ ਕੇ ਸਵਾਲ ਖੜ੍ਹੇ ਕੀਤੇ ਅਤੇ ਕਿਹਾ ਕਿ ਦਿੱਲੀ ਵਰਗੇ ਸ਼ਹਿਰ ਅਤੇ ਲਾਲ ਕਿਲੇ ਵਰਗੀ ਹੈਰੀਟੇਜ ਇਮਾਰਤ ਦੇ ਸਾਹਮਣੇ ਅਜਿਹੀ ਵਾਰਦਾਤ ਹੋਣਾ ਸੁਰੱਖਿਆ ਦੀ ਬਹੁਤ ਵੱਡੀ ਖਾਮੀ ਹੈ । ਉਹਨਾਂ ਕਿਹਾ ਕਿ ਦੇਸ਼ ਦੀ ਸੁਰੱਖਿਆ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਜਿੰਮੇਵਾਰੀ ਹੈ ਜਿਸ ਨੂੰ ਨਿਭਾਉਣ ਵਿੱਚ ਉਹ ਪੂਰੀ ਤਰ੍ਹਾਂ ਨਾਲ ਨਾਕਾਮ ਹਨ। ਉਹਨਾ ਕਿਹਾ ਕਿ ਹਾਲੇ ਕੁੱਝ ਹੀ ਮਹੀਨੇ ਪਹਿਲਾਂ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਖੇ ਦਹਿਸ਼ਤਗਰਦਾਂ ਵੱਲੋਂ ਵੱਡੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਸੀ । ਜਿਸ ਤੋਂ ਬਾਅਦ ਅਪ੍ਰੇਸ਼ਨ ਸਿੰਦੂਰ ਦੇ ਤਹਿਤ ਪਾਕਿਸਤਾਨ ਦੇ ਖਿਲਾਫ ਫੌਜੀ ਕਾਰਵਾਈ ਕਰਦਿਆਂ ਪ੍ਰਧਾਨ ਮੰਤਰੀ ਨੇ ਦੇਸ਼ ਨੂੰ ਭਰੋਸਾ ਦਿੱਤਾ ਸੀ ਕਿ ਇਸ ਤੋਂ ਬਾਅਦ ਭਾਰਤ ਵਿੱਚ ਕੋਈ ਅੱਤਵਾਦੀ ਘਟਨਾ ਨਹੀਂ ਵਾਪਰੇਗੀ। ਲੇਕਿਨ ਦੇਸ਼ ਵਿਰੋਧੀ ਤਾਕਤਾਂ ਦੀ ਪਹੁੰਚ ਦਿੱਲੀ ਦੇ ਅਤਿ ਸੁਰੱਖਿਅਤ ਸਮਝੇ ਜਾਣ ਵਾਲੇ ਇਲਾਕਿਆਂ ‘ਚ ਹੋ ਚੁੱਕੀ ਹੈ ਅਤੇ ਲੋਕਾਂ ਦੀ ਸੁਰੱਖਿਆ ਕਰਨ ਵਿੱਚ ਮੋਦੀ ਸਰਕਾਰ ਪੂਰੀ ਤਰ੍ਹਾਂ ਨਾਲ ਨਾਕਾਮ ਰਹੀ ਹੈ। ਉਹਨਾਂ ਬਿਹਾਰ ਵਿਧਾਨਸਭਾ ਚੋਣਾਂ ਦੇ ਦੂਸਰੇ ਦੌਰ ਦੀ ਵੋਟਿੰਗ ਤੋਂ ਠੀਕ ਪਹਿਲਾਂ ਇਸ ਵਾਰਦਾਤ ਦੇ ਵਾਪਰਨ ਨੂੰ ਲੈ ਕੇ ਵੀ ਕਈ ਤਰ੍ਹਾਂ ਦੇ ਖਦਸ਼ੇ ਜਾਹਿਰ ਕੀਤੇ ਅਤੇ ਕਿਹਾ ਕਿ ਪੁਲਵਾਮਾ ਦਾ ਅੱਤਵਾਦੀ ਹਮਲਾ 2019 ਦੀਆਂ ਲੋਕਸਭਾ ਚੋਣਾਂ ਤੋਂ ਠੀਕ ਪਹਿਲਾਂ ਹੋਇਆ। ਹੁਣ ਬਿਹਾਰ ਦੀਆਂ ਵਿਧਾਨਸਭਾ ਚੋਣਾਂ ਵਿਚਕਾਰ ਇਹ ਵੱਡੀ ਵਾਰਦਾਤ ਸਾਹਮਣੇ ਆਈ ਹੈ। ਮੋਦੀ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਦੇਸ਼ ਦੀ ਰਾਜਧਾਨੀ ਵਿੱਚ ਲਾਲ ਕਿਲੇ ਦੇ ਸਾਹਮਣੇ ਚਿੱਟੇ ਦਿਨ ਇਸ ਵਾਰਦਾਤ ਨੂੰ ਅੰਜਾਮ ਕਿਸ ਤਰ੍ਹਾਂ ਦੇ ਦਿੱਤਾ ਗਿਆ। ਉਹਨਾਂ ਕਿਹਾ ਕਿ ਪਹਿਲਗਾਮ ਹਮਲੇ ਸਮੇਂ ਵੀ ਸਰਕਾਰ ਦੇ ਪਾਸ ਖੁਫੀਆ ਜਾਣਕਾਰੀ ਸੀ



ਅਤੇ ਜੰਗਲਾਂ ‘ਚ ਸਰਚ ਮੁਹਿਮ ਵੀ ਚੱਲ ਰਹੀ ਸੀ। ਪਰ ਇਸਦੇ ਬਾਵਜੂਦ 27 ਸੈਲਾਨੀਆਂ ਦੀ ਜਿੰਦਗੀ ਚਲੀ ਗਈ। ਉਹਨਾਂ ਦਿੱਲੀ ਬੰਬ ਧਮਾਕੇ ਦੀ ਨਿਆਇਕ ਜਾਂਚ ਕਰਵਾਉਣ ਦੀ ਮੰਗ ਕੀਤੀ ਤਾਂ ਕਿ ਪਤਾ ਲੱਗੇ ਕਿ ਆਖਿਰ ਦਿੱਲੀ ਦੀ ਸੁਰੱਖਿਆ ‘ਚ ਕਿੱਥੇ ਅਣਗਹਿਲੀ ਹੋਈ ਹੈ। ਉਹਨਾਂ ਕਿਹਾ ਕਿ ਦੇਸ਼ ਜਾਣਨਾ ਚਾਹੁੰਦਾ ਹੈ ਕਿ ਪੁਲਵਾਮਾ ਅਤੇ ਪਹਿਲਗਾਮ ਦੀ ਤਰ੍ਹਾਂ ਇਸ ਘਟਨਾਂ ਦੇ ਪਿੱਛੇ ਵੀ ਕੇਂਦਰ ਦੀ ਨਾਕਾਮੀ ਜਾਂ ਜਾਣਬੁੱਝ ਕੇ ਸੁਰੱਖਿਆ ਪ੍ਰਬੰਧਾਂ ‘ਚ ਵਰਤੀ ਖਾਮੀ ਤਾਂ ਜਿੰਮੇਵਾਰ ਨਹੀਂ ਹੈ।

# ਸਕੂਲ ਵਿੱਚ ਦਾਨ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ :-ਡਾਕਟਰ ਸੁਖੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 15 ਨਵੰਬਰ INTERNATIONAL PAPER, 94636 01616 hardipchumber57@gmail.com



ਬੰਗਾ (ਚਰਨਜੀਤ ਸੱਲ੍ਹਾਂ ) ਇਹ ਸ਼ਬਦ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਲੂ ਪੋਤਾ ਵਿਖੇ ਵਰਦੀ ਵੰਡ ਸਮਾਗਮ ਦੌਰਾਨ ਕਹੇ। ਉਹਨਾਂ ਨੇ ਅੱਗੇ ਦਾਨੀ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮਾਜ ਦੀ ਅਸਲੀ ਸੇਵਾ ਕਰ ਰਹੇ ਹਨ। ਇਹ ਸਮਾਗਮ ਸਵਰਗਵਾਸੀ ਸਰਦਾਰ ਬਖਤਾਵਰ ਸਿੰਘ ਦੇ ਸਪੁੱਤਰ ਸਰਦਾਰ ਬਲਦੇਵ ਸਿੰਘ ਅਤੇ ਸਰਦਾਰ ਮੇਜਰ ਸਿੰਘ ਅਮਰੀਕਾ ਨਿਵਾਸੀ ਦੁਆਰਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਸਰਦੀ ਦੇ ਮੌਸਮ ਨੂੰ ਧਿਆਨ ਵਿੱਚ ਰੱਖ ਕੇ ਹਰ ਸਾਲ ਦੀ ਤਰ੍ਹਾਂ ਵਰਦੀ ਵੰਡ ਸਮਾਗਮ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਜੁਰਾਬਾਂ,ਕੋਟੀਆਂ, ਟਾਈਆਂ, ਬਿਲਟਾਂ ਤਕਸੀਮ ਕੀਤੀਆਂ ਗਈਆਂ। ਇਹ ਸਾਰਾ ਉੱਦਮ ਸਾਬਕਾ ਐਸ ਐਮ ਸੀ ਚੇਅਰਮੈਨ ਹਰਵਿੰਦਰ ਕੁਮਾਰ ਜੀ ਦੁਆਰਾ ਕੀਤਾ ਗਿਆ। ਇਸ ਵਰਦੀ ਵੰਡ ਸਮਾਗਮ ਵਿੱਚ ਉਪ ਜ਼ਿਲ੍ਹਾ ਸਿੱਖਿਆ ਅਫਸਰ ਲਖਵੀਰ ਸਿੰਘ ਉਚੇਚੇ ਤੌਰ ਤੇ ਸ਼ਾਮਿਲ ਹੋਏ ਉਹਨਾਂ ਨੇ ਵੀ ਇਸ ਪਰਿਵਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੋਰ ਦਾਨੀ ਸੱਜਣਾ ਨੂੰ ਵੀ ਇਸ ਨੇਕ ਕਾਰਜ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਸੀਨੀਅਰ ਆਗੂ ਸੋਹਣ ਲਾਲ ਢੰਡਾ ਵੀ ਹਾਜ਼ਰ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੱਲੂਪੋਤਾ ਪਿੰਡ ਦੇ ਸਰਪੰਚ ਸ੍ਰੀਮਤੀ ਕੁਲਵਿੰਦਰ ਕੌਰ ਪੰਚ ਸਰਬਜੀਤ ਕੌਰ, ਸੀਮਾ ਰਾਣੀ ਐਸ ਐਮ ਸੀ ਚੇਅਰਮੈਨ ਸ਼੍ਰੀਮਤੀ ਰੇਨੂੰ ਅਤੇ ਬਾਕੀ ਮੈਂਬਰ ਹਰਪ੍ਰੀਤ ਸਿੰਘ ਸਾਬਕਾ ਸਰਪੰਚ ਮੱਖਣ ਸਿੰਘ ਹਾਜ਼ਰ ਸਨ। ਸਟੇਜ ਦੀ ਸਮੁੱਚੀ ਕਾਰਵਾਈ ਸ਼ਸ਼ੀ ਕੁਮਾਰ ਮੈਥ ਮਾਸਟਰ ਨੇ ਬਾਖੂਬੀ ਨਿਭਾਈ। ਅਮਰਪ੍ਰੀਤ ਸਿੰਘ ਲੈਕਚਰਾਰ ਅੰਗਰੇਜ਼ੀ ਨੇ ਸਾਰੇ ਸਨਮਾਨਿਤ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਲੂ ਪੋਤਾ ਅਤੇ ਪ੍ਰਾਇਮਰੀ ਸਕੂਲ ਦਾ ਸਾਰਾ ਸਟਾਫ ਤੇ ਅਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ। ਅਖੀਰ ਵਿੱਚ ਸਕੂਲ ਮੁਖੀ ਬਲਦੀਸ਼ ਲਾਲ ਨੇ ਬਾਹਰੋਂ ਆਏ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਨੂੰ ਸਕੂਲ ਦੀ ਬਿਹਤਰੀ ਲਈ ਹਰ ਵੇਲੇ ਤਤਪਰ ਰਹਿਣਾ ਚਾਹੀਦਾ ਹੈ।

# 51000 ਹਜ਼ਾਰ ਕੈਨੇਡੀਅਨ ਡਾਲਰ ਵਾਲੇ ਢਾਹਾਂ ਸਾਹਿਤ ਇਨਾਮ ਦੇ ਸਾਲ 2025 ਲਈ ਜੇਤੂ ਅਤੇ ਫਾਈਨਲਿਸਟ ਪੁਸਤਕਾਂ ਦਾ ਐਲਾਨ

## ਢਾਹਾਂ ਸਾਹਿਤ ਇਨਾਮ 2025 ਦੇ ਜੇਤੂ ਰਹੇ ਬਲਬੀਰ ਪਰਵਾਨਾ ਦੇ ਨਾਵਲ 'ਰੌਲਿਆਂ ਵੇਲੇ' ਨੇ ਜਿੱਤਿਆ 25000 ਕੈਨੇਡੀਅਨ ਡਾਲਰ ਦਾ ਇਨਾਮ

"Equality and justice" Patiala 15 November INTERNATIONAL PAPER, 94636 01616 hardipchumber57@gmail.com

ਬੰਗਾ / ਵੈਨਕੂਵਰ (ਬੀ.ਸੀ) 15 ਨਵੰਬਰ (ਚਰਨਜੀਤ ਸੱਲ੍ਹਾਂ) ਪੰਜਾਬੀ ਗਲਪ ਲਈ ਵਿਸ਼ਵ ਦੇ ਪ੍ਰਸਿੱਧ ਸਾਹਿਤਕ ਢਾਹਾਂ ਸਾਹਿਤ ਇਨਾਮ ਨੇ ਆਪਣੇ 12ਵੇਂ ਜੇਤੂ ਨਾਵਲਕਾਰ ਸ੍ਰੀ ਬਲਬੀਰ ਪਰਵਾਨਾ (ਜਲੰਧਰ ) ਨੂੰ ਉਹਨਾਂ ਦੇ ਗੁਰਮੁਖੀ ਲਿਪੀ ਵਿਚ ਲਿਖੇ ਨਾਵਲ 'ਰੌਲਿਆਂ ਵੇਲੇ' ਲਈ 25,000 ਕੈਨੇਡੀਅਨ ਡਾਲਰ ਦੇ ਪੁਰਸਕਾਰ ਨਾਲ ਸਰੀ, ਬੀ.ਸੀ. ਵਿੱਚ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਵਿਖੇ ਹੋਏ ਸਮਾਰੋਹ ਦੌਰਾਨ ਸਨਮਾਨਿਤ ਕੀਤਾ ਗਿਆ । ਜਦ ਕਿ ਦੋ ਫਾਈਨਲਿਸਟਾਂ ਸ੍ਰੀ ਮੁਦੱਸਰ ਬਸ਼ੀਰ (ਲਾਹੌਰ) ਨੂੰ ਸ਼ਾਹਮੁਖੀ ਲਿਪੀ ਵਿਚ ਲਿਖੇ ਨਾਵਲ 'ਗੋਇਲ' ਅਤੇ ਸ੍ਰੀ ਭਗਵੰਤ ਰਸੂਲਪੁਰੀ (ਜਲੰਧਰ) ਨੂੰ ਉਸ ਦੇ ਗੁਰਮੁਖੀ ਵਿਚ ਲਿਖੇ ਲਘੂ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਲਈ 10-10 ਹਜ਼ਾਰ ਕੈਨੇਡੀਅਨ ਡਾਲਰ ਦੇ ਇਨਾਮ ਨਾਲ ਸਨਮਾਨ ਕੀਤਾ ਗਿਆ । ਤਿੰਨਾਂ ਇਨਾਮ ਜੇਤੂਆਂ ਨੂੰ ਹੱਥਾਂ ਨਾਲ ਤਿਆਰ ਕੀਤੇ ਵਿਸ਼ੇਸ਼ ਸਨਮਾਨ ਚਿੰਨ੍ਹਾਂ ਨਾਲ ਇਹ ਇਨਾਮ ਭੇਟ ਕੀਤੇ ਗਏ । ਇਸ ਮੌਕੇ ਇਹਨਾਂ ਤਿੰਨਾਂ ਪੁਸਤਕਾਂ ਦੇ ਗੁਰਮੁਖੀ ਅਤੇ ਸ਼ਾਹਮੁਖੀ ਵਿੱਚ ਲਿਪੀਅੰਤਰਨ ਲਈ 6,000 ਕੈਨੇਡੀਅਨ ਡਾਲਰ ਦਾ ਇਨਾਮ ਪ੍ਰਦਾਨ ਕੀਤਾ ਗਿਆ।

ਸਨਮਾਨ ਸਮਾਰੋਹ ਮੌਕੇ ਸੰਬੋਧਨ ਕਰਦਿਆਂ ਨਾਵਲਕਾਰ ਸ੍ਰੀ ਬਲਬੀਰ ਪਰਵਾਨਾ ਨੇ ਕਿਹਾ ਕਿ, "ਇਸ ਪੁਰਸਕਾਰ ਨੇ ਮੇਰੇ ਨਾਵਲ ਨੂੰ ਪਾਠਕਾਂ ਦੀ ਇੱਕ ਨਵੀਂ ਦੁਨੀਆਂ ਦਿੱਤੀ ਹੈ," । ਜਦੋਂ ਮੈਂ ਆਪਣੇ ਨਾਮ ਦਾ ਐਲਾਨ ਸੁਣਿਆ ਤਾਂ ਮੈਂ ਖੁਸ਼ੀ ਅਤੇ ਉਤਸ਼ਾਹ ਨਾਲ ਭਰ ਗਿਆ । ਇਸ ਇਨਾਮ ਨੇ ਮੈਨੂੰ ਰਚਨਾਵਾਂ ਰਚਦੇ ਰਹਿਣ ਲਈ ਉਤਸ਼ਾਹਿਤ ਕੀਤਾ ਹੈ । ਲਹਿੰਦੇ ਪੰਜਾਬ ਤੋਂ ਕੈਨੇਡਾ ਪੁੱਜੇ ਨਾਵਲਕਾਰ ਸ੍ਰੀ ਮੁਦੱਸਰ ਬਸ਼ੀਰ ਨੇ ਆਪਣੇ ਵਿਚਾਰਾਂ ਨੂੰ ਸਾਂਝਾ ਕਰਦੇ ਕਿਹਾ ਕਿ, " ਇਹ ਸਨਮਾਨ ਪ੍ਰਾਪਤ ਕਰਨ



ਬਾਅਦ ਮੇਰੇ ਕੋਲ ਕਹਿਣ ਨੂੰ ਸ਼ਬਦ ਨਹੀਂ ਹਨ । ਮੈਂ ਆਪਣੀ ਮਾਂ ਬੋਲੀ ਪੰਜਾਬੀ ਨੂੰ ਬਹੁਤ ਪਿਆਰ ਕਰਦਾ ਹਾਂ । ਇਸ ਇਨਾਮ ਦੇ ਮਿਲਣ ਉਪਰੰਤ, ਮੈਂ ਮਾਂ ਬੋਲੀ ਪੰਜਾਬੀ ਦੀ ਸੇਵਾ ਹੋਰ ਵੀ ਜ਼ਿੰਮੇਵਾਰੀ ਨਾਲ ਜਾਰੀ ਰੱਖਣ ਦੀ ਪੂਰਨ ਆਸ ਰੱਖਦਾ ਹਾਂ ।" ਕਹਾਣੀਕਾਰ ਸ੍ਰੀ ਭਗਵੰਤ ਰਸੂਲਪੁਰੀ ਨੇ ਕਿਹਾ, " ਢਾਹਾਂ ਸਾਹਿਤ ਇਨਾਮ ਦੇ ਫਾਈਨਲਿਸਟ ਵਜੋਂ ਨਾਮਜ਼ਦ ਹੋਣਾ ਇੱਕ ਵੱਡੀ ਪ੍ਰਾਪਤੀ ਹੈ । ਜਿਸ ਨਾਲ ਹੁਣ ਮੇਰੀਆਂ ਕਹਾਣੀਆਂ ਪੰਜਾਬੀ ਭਾਸ਼ਾ ਦੀਆਂ ਸੀਮਾਵਾਂ ਤੋਂ ਪਾਰ ਹੋਰ ਭਾਸ਼ਾਵਾਂ ਦੇ ਪਾਠਕਾਂ ਤੱਕ ਵੀ ਪਹੁੰਚ ਕਰ ਸਕਦੀਆਂ ਹਨ ।"

ਇਸ ਮੌਕੇ ਬੀ.ਸੀ. ਪੁਰਸਕਾਰ ਜੇਤੂ ਲੇਖਕ ਗੁਰਜਿੰਦਰ ਬਸਰਾਨ ਨੇ ਮੁੱਖ ਭਾਸ਼ਣ ਦੌਰਾਨ ਆਪਣੇ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ, ਢਾਹਾਂ ਸਾਹਿਤ ਇਨਾਮ ਦੇ ਤਿੰਨਾਂ ਜੇਤੂਆਂ ਨੂੰ ਹਾਰਦਿਕ ਵਧਾਈ ਦਿੱਤੀ । ਉਹਨਾਂ ਨੇ ਢਾਹਾਂ ਸਾਹਿਤ ਇਨਾਮ ਵੱਲੋ ਮਾਂ ਬੋਲੀ ਪੰਜਾਬੀ ਦੇ ਸਮੁੱਚੀ ਦੁਨੀਆਂ ਵਿਚ ਪ੍ਰਚਾਰ ਅਤੇ ਪਸਾਰ ਲਈ ਕੀਤੇ ਜਾ ਰਹੇ ਉੱਦਮਾਂ ਦੀ ਭਾਰੀ ਸ਼ਲਾਘਾ ਕੀਤੀ।

ਸਮਾਰੋਹ ਵਿਚ ਇਨਾਮ ਦੇ ਸੰਸਥਾਪਕ ਸ. ਬਰਜਿੰਦਰ ਸਿੰਘ ਢਾਹਾਂ ਨੇ ਕਿਹਾ ਕਿ "ਸਾਡਾ ਮਿਸ਼ਨ ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰ 'ਤੇ ਉੱਚਾ ਚੁੱਕਣਾ ਹੈ । ਇਸ ਲਈ ਪੰਜਾਬੀ ਗਲਪ ਵਿੱਚ ਸ਼ਕਤੀਸ਼ਾਲੀ ਨਵੀਆਂ ਕਹਾਣੀਆਂ ਨੂੰ ਪਛਾਣ ਕੇ ਉਹਨਾਂ ਲਈ ਪਾਠਕਾਂ ਨੂੰ ਪ੍ਰੇਰਿਤ ਕਰਨਾ, ਲੇਖਕਾਂ ਦੀ ਹੌਂਸਲਾ ਅਫਜ਼ਾਈ ਕਰਨੀ ਅਤੇ ਸਰਹੱਦਾਂ ਦੇ ਆਰ-ਪਾਰ ਸੱਭਿਆਚਾਰਕ ਭਾਈਚਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ। " ਉਹਨਾਂ ਕਿਹਾ ਕਿ ਇਸ ਦੇ ਨਾਲ ਹੀ ਦੁਨੀਆਂ ਭਰ ਵਿਚ ਹਰ ਸਾਲ ਪ੍ਰਕਾਸ਼ਿਤ ਹੋਣ ਵਾਲੀਆਂ ਪੰਜਾਬੀ ਗਲਪ ਦੀਆਂ ਉੱਤਮ ਰਚਨਾਵਾਂ ਨੂੰ ਆਮ ਲੋਕਾਈ ਤੱਕ ਪਹੁੰਚਾਉਣਾ ਹੈ । ਅਸੀਂ ਸਾਹਿਤ ਰਾਹੀਂ ਦੋਵਾਂ ਪੰਜਾਬਾਂ ਵਿਚ ਵੀ ਸਾਂਝਾਂ ਦਾ ਪੁਲ ਬਣਾਉਣ ਲਈ ਯਤਨਸ਼ੀਲ ਹਾਂ । ਇਸ ਲਈ ਇਹਨਾਂ ਜੇਤੂ ਪੁਸਤਕਾਂ ਦਾ ਲਿਪੀਅੰਤਰਨ ਕਰਕੇ ਆਮ ਲੋਕਾਈ ਤੱਕ ਪੁੰਹਚਣਾ ਇਸ ਦੇ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਪ੍ਰਮੁੱਖ ਹੈ । ਉਹਨਾਂ ਕਿਹਾ ਕਿ ਸਾਲ 2025 ਇਨਾਮ ਦੇ ਜੇਤੂ ਜਿੱਥੇ ਸਾਡੇ ਪੰਜਾਬੀ ਸਾਹਿਤ ਦੇ ਉੱਚ ਕੋਟੀ ਦੇ ਨਾਵਲਕਾਰ ਅਤੇ ਕਹਾਣੀਕਾਰ ਹਨ, ਉੱਥੇ ਉਹਨਾਂ ਦੀਆਂ ਪੁਸਤਕਾਂ ਦੇ ਵਿਸ਼ੇ ਸਾਨੂੰ ਇੱਕ ਵਿੱਲਖਣ ਸੁਨੇਹਾ ਪ੍ਰਦਾਨ ਕਰਦੇ ਹਨ । ਉਹਨਾਂ ਕਿਹਾ ਕਿ ਢਾਹਾਂ ਸਾਹਿਤ ਪੁਰਸਕਾਰ ਵੱਲੋਂ ਪੰਜਾਬੀ ਸਾਹਿਤ ਰਚਨਾ ਨੂੰ ਉਤਸ਼ਾਹਿਤ ਕਰਨ, ਵਿਸ਼ਵ ਭਰ ਦੇ ਪੰਜਾਬੀ ਭਾਈਚਾਰਿਆਂ ਨੂੰ ਜੋੜਨ, ਮਾਂ-ਬੋਲੀ ਅਤੇ ਪੰਜਾਬੀ ਭਾਸ਼ਾ-ਸਾਹਿਤ ਦੇ ਪ੍ਰਚਾਰ ਅਤੇ ਪਸਾਰ ਕਰਨ ਲਈ ਵੱਖ ਵੱਖ ਉਪਰਾਲੇ ਕਰ ਰਿਹਾ ਹੈ ।

ਇਸ ਮੌਕੇ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਦੇ ਪ੍ਰਧਾਨ, ਸੈਨੇਟਰ ਸ. ਬਲਤੇਜ ਸਿੰਘ ਢਿੱਲੋਂ ਨੇ ਜੇਤੂਆਂ ਨੂੰ ਵਧਾਈ ਦਿੰਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰਸਿੱਧ ਪੰਜਾਬੀ ਲੋਕ ਗਾਇਕ ਯਮਲਾ ਜੱਟ ਦੇ ਪੋਤੇ ਵਿਜੇ ਯਮਲਾ ਵੱਲੋਂ ਮਨਮੋਹਕ ਸੰਗੀਤਕ ਪੇਸ਼ਕਾਰੀ ਕਰਕੇ ਸਰੋਤਿਆਂ ਦਾ ਮਨ ਮੋਹ ਲਿਆ । ਸਨਮਾਨ ਸਮਾਰੋਹ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਸ਼ਹਿਰ ਅਤੇ ਸਰੀ ਸ਼ਹਿਰ ਵਿਚ ਢਾਹਾਂ ਸਾਹਿਤ ਇਨਾਮ ਨੂੰ ਸਮਰਪਿਤ "ਪੰਜਾਬੀ ਸਾਹਿਤ ਹਫਤੇ" ਦੀ ਹੋਈ ਘੋਸ਼ਣਾ ਦੀ ਜਾਣਕਾਰੀ ਵੀ ਸਾਂਝੀ ਕੀਤੀ ਗਈ । ਇਸ ਮੌਕੇ ਵੱਖ ਵੱਖ ਪ੍ਰਸਿੱਧ ਲੇਖਕਾਂ ਤੋਂ ਇਲਾਵਾ ਸਿਆਸੀ ਆਗੂ, ਸਮਾਜਿਕ ਕਾਰਕੁੰਨ ਤੇ ਪੰਜਾਬੀ ਮਾਂ-ਬੋਲੀ ਨੂੰ ਪਿਆਰ ਕਰਨ ਵਾਲੀਆਂ ਸ਼ਖਸੀਅਤਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ।

ਢਾਹਾਂ ਸਾਹਿਤ ਇਨਾਮ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ, ਕੈਨੇਡਾ ਵਿੱਚ ਢਾਹਾਂ ਪਰਿਵਾਰ ਵੱਲੋਂ ਸਾਲ 2013 'ਚ ਸਥਾਪਿਤ ਕੀਤਾ ਗਿਆ ਸੀ। ਇਸ ਖਿੱਤੇ ਵਿੱਚ ਪੰਜਾਬੀ ਲੋਕਾਂ, ਭਾਸ਼ਾ ਅਤੇ ਸੱਭਿਆਚਾਰ ਦਾ ਇੱਕ ਅਮੀਰ ਇਤਿਹਾਸ ਹੈ। ਪੰਜਾਬੀ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਦੇਸ਼ ਦੇ ਬਹੁ-ਸੱਭਿਆਚਾਰਕ ਤਾਣੇ-ਬਾਣੇ ਵਿੱਚ ਇੱਕ ਮਜ਼ਬੂਤ ਧਾਗਾ ਹੈ। ਇਸ ਇਨਾਮ ਦੇ ਪ੍ਰਮੁੱਖ ਸੰਸਥਾਪਕ ਸ. ਬਰਜਿੰਦਰ ਸਿੰਘ ਢਾਹਾਂ ਤੇ ਉਹਨਾਂ ਦੀ ਪਤਨੀ ਰੀਟਾ ਢਾਹਾਂ ਵੱਲੋਂ ਸਮੂਹ ਢਾਹਾਂ ਪਰਿਵਾਰ, ਕੈਨੇਡਾ ਇੰਡੀਆ ਐਜੂਕੇਸ਼ਨ ਸੁਸਾਇਟੀ (CIES) ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (UBC) ਦੇ ਸਹਿਯੋਗ ਨਾਲ ਸਾਲ 2013 ਵਿੱਚ ਢਾਹਾਂ ਪੁਰਸਕਾਰ ਦੀ ਸ਼ੁਰੂਆਤ ਕੀਤੀ ਸੀ । ਢਾਹਾਂ ਸਾਹਿਤ ਇਨਾਮ ਨੇ ਪਿਛਲੇ ਬਾਰਾਂ ਸਾਲਾਂ ਦੇ ਸ਼ਾਨਦਾਰ ਸਫਰ ਦੌਰਾਨ ਆਲੋਚਨਾਤਮਕ ਪ੍ਰਸ਼ੰਸਾ ਅਤੇ ਪ੍ਰਸਿੱਧੀ ਪ੍ਰਾਪਤ ਕੀਤੀ ਹੈ ਅਤੇ ਜਿਸ ਨਾਲ ਜੇਤੂ ਲੇਖਕਾਂ ਅਤੇ ਉਨ੍ਹਾਂ ਦੀਆਂ ਕਿਤਾਬਾਂ ਲਈ ਵਿਆਪਕ, ਬਹੁ-ਭਾਸ਼ਾਈ ਸਰੋਤਿਆਂ ਤੱਕ ਪਹੁੰਚਣ ਲਈ ਢਾਹਾਂ ਸਾਹਿਤ ਇਨਾਮ ਨੇ ਨਵੇਂ ਰਾਹ ਬਣਾਏ ਹਨ ।

ਵਰਨਣਯੋਗ ਹੈ ਕਿ ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਢਾਹਾਂ ਦੇ ਜੰਮਪਲ ਅਤੇ ਬੀ.ਸੀ. ਕੈਨੇਡਾ ਦੇ ਨਿਵਾਸੀ ਬਰਜਿੰਦਰ ਸਿੰਘ ਢਾਹਾਂ, ਬੀਬੀ ਕਸ਼ਮੀਰ ਕੌਰ ਢਾਹਾਂ ਅਤੇ ਪ੍ਰਸਿੱਧ ਸਮਾਜ ਸੇਵਕ ਸਵ: ਬਾਬਾ ਬੁੱਧ ਸਿੰਘ ਢਾਹਾਂ ਬਾਨੀ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਹੋਣਹਾਰ ਸਪੁੱਤਰ ਅਤੇ ਇਸ ਟਰੱਸਟ ਦੇ ਮੌਜੂਦਾ ਮੀਤ ਪ੍ਰਧਾਨ ਵੀ ਹਨ । ਉਹਨਾਂ ਦੇ ਸਮੂਹ ਢਾਹਾਂ ਪਰਿਵਾਰ ਵੱਲੋਂ ਕਾਇਮ ਕੀਤਾ ਢਾਹਾਂ ਸਾਹਿਤ ਇਨਾਮ ਪੰਜਾਬੀ ਭਾਸ਼ਾ ਵਿੱਚ ਗਲਪ ਪੁਸਤਕਾਂ ਲਈ ਸਭ ਤੋਂ ਵੱਡਾ ਅੰਤਰਰਾਸ਼ਟਰੀ ਸਾਹਿਤਕ ਪੁਰਸਕਾਰ ਬਣ ਚੁੱਕਾ ਹੈ ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

# ਸਿੱਖੀ ਦੇ ਇਤਿਹਾਸ ਵਿੱਚ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੀ ਲਾਸਾਨੀ ਸ਼ਹਾਦਤ

## ਸੁਨਿਹਰੀ ਹਰਫ਼ਾਂ ਵਿੱਚ ਲਿਖੀ ਹੋਈ ਇਬਾਰਤ ਹੈ:- ਡਾਕਟਰ ਪ੍ਰੇਮ ਸਲੋਹ, ਡਾਕਟਰ ਬੱਧਣ

"Equality and justice" Patiala 15 November INTERNATIONAL PAPER, 94636 01616 hardipchumber57@gmail.com



ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਬਲਾਕ ਨਵਾਂਸ਼ਹਿਰ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਪਰਮਜੀਤ ਬੱਧਣ ਦੀ ਪ੍ਰਧਾਨਗੀ ਹੇਠ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਤੀ ਗਈ। ਮੀਟਿੰਗ ਵਿੱਚ ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਐਸੋਸੀਏਸ਼ਨ ਨੂੰ ਪੇਸ਼ ਆ ਰਹੀਆਂ ਮੁਸਕਲਾਂ ਤੇ ਵਿਚਾਰ ਚਰਚਾ ਕੀਤੀ ਗਈ। ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ ਅਤੇ ਬਲਾਕ ਪ੍ਰਧਾਨ ਡਾਕਟਰ ਪਰਮਜੀਤ ਬੱਧਣ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ਼ੀ ਇਤਿਹਾਸ ਵਿੱਚ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਸੁਨਿਹਰੀ ਹਰਫ਼ਾਂ ਵਿੱਚ ਲਿਖੀ ਹੋਈ ਇਬਾਰਤ ਹੈ। ਆਪਣਾ ਸਿਰ ਧੜ ਨਾਲੋਂ ਅਲੱਗ ਕਰਕੇ ਤਲ਼ੀ ਤੇ ਧਰਕੇ ਜੰਗ ਦੇ ਮੈਦਾਨ ਵਿੱਚ ਦੁਸ਼ਮਣਾਂ ਨੂੰ ਭਾਜੜਾਂ ਪਵਾਉਣੀਆਂ ਇੱਕ ਆਮ ਇਨਸਾਨ ਦੇ ਬਸ ਦੀ ਗੱਲ ਨਹੀਂ।ਇਹ ਕਾਰਨਾਮਾ ਸਿੱਖ ਯੋਧੇ ਅਣਖੀ ਸੂਰਮੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਹੀ ਕਰ ਸਕਦੇ ਸੀ।ਆਪਣੀ ਕੌਮ ਲਈ ਕੁਰਬਾਨ ਹੋਣ ਵਾਲੇ ਸ਼ਹੀਦ ਯੋਧਿਆਂ ਦੀ ਕੁਰਬਾਨੀ ਨੂੰ ਰਹਿੰਦੀ ਦੁਨੀਆਂ ਤੱਕ ਹਮੇਸ਼ਾ ਯਾਦ ਰੱਖਿਆ ਜਾਵੇਗਾ। ਜ਼ਿਲ੍ਹਾ ਆਰਗੇਨਾਈਜ਼ਿਰ ਸਕੱਤਰ ਡਾਕਟਰ ਸੁਰਿੰਦਰ ਮਹਾਲੋਂ,ਬਲਾਕ ਜਨਰਲ ਸਕੱਤਰ ਡਾਕਟਰ ਮਨਜਿੰਦਰ ਬੰਗਾ ਅਤੇ ਬਲਾਕ ਕੈਸ਼ੀਅਰ ਡਾਕਟਰ ਬਲਵਿੰਦਰ ਬੈਂਸ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਦੀਆਂ ਜਾਇਜ਼ ਮੰਗਾਂ ਮਨਵਾਉਣ ਲਈ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼ ਅਤੇ ਸਮੁੱਚੀ ਸੂਬਾ ਕਮੇਟੀ, ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਸਮੂਹ ਜ਼ਿਲ੍ਹਾ ਕਮੇਟੀ ਵੱਲੋਂ ਜੋ ਵੀ ਪ੍ਰੋਗਰਾਮ ਉਲੀਕਿਆ ਜਾਵੇਗਾ ਉਸ ਵਿੱਚ ਬਲਾਕ ਨਵਾਂਸ਼ਹਿਰ ਦੇ ਸਮੂਹ ਮੈਂਬਰ ਤਨ, ਮਨ, ਧਨ ਨਾਲ ਸ਼ਮੂਲੀਅਤ ਕਰਨ ਗੇ। ਇਸ ਸਮੇਂ ਬਲਾਕ ਚੇਅਰਮੈਨ ਡਾਕਟਰ ਦਿਲਬਾਗ ਸਿੰਘ, ਡਾਕਟਰ ਜੁਗਿੰਦਰ ਪਾਲ ਬਰਨਾਲਾ, ਡਾਕਟਰ ਸੁਰਜੀਤ ਰਲ, ਡਾਕਟਰ ਇੰਦਰਜੀਤ ਸਿੰਘ, ਡਾਕਟਰ ਰੋਸ਼ਨ ਲਾਲ, ਡਾਕਟਰ ਅਮਰਜੀਤ ਕਰੀਮਪੁਰ , ਡਾਕਟਰ ਸੰਦੀਪ ਮੱਟੂ, ਡਾਕਟਰ ਸਤਨਾਮ ਲਾਡੀ, ਡਾਕਟਰ ਦਲਵੀਰ ਵਿਰਦੀ, ਡਾਕਟਰ ਰੰਜੀਤ ਸਿੰਘ, ਡਾਕਟਰ ਰਾਹੁਲ ਦੇਵ, ਡਾਕਟਰ ਨਿਰਮਲ ਸਿੰਘ ਖ਼ਾਨਪੁਰ ਅਤੇ ਡਾਕਟਰ ਜੀਵਨ ਸਿੰਘ ਆਦਿ ਮੈਂਬਰ ਹਾਜ਼ਰ ਸਨ

# 'ਵਲੰਟੀਅਰਾਂ ਵੱਲੋਂ ਇਲਾਜ ਅਧੀਨ ਮਰੀਜਾਂ ਨੂੰ 6 ਯੂਨਿਟ ਖ਼ੂਨਦਾਨ

"Equality and justice" Patiala 15 November INTERNATIONAL PAPER, 94636 01616 hardipchumber57@gmail.com



ਬਠਿੰਡਾ,15 ਨਵੰਬਰ 2025: ਖ਼ੂਨਦਾਨ ਸੰਮਤੀ ਡੇਰਾ ਸੱਚਾ ਸੌਦਾ ਬਲਾਕ ਬਠਿੰਡਾ ਦੇ ਜਿੰਮੇਵਾਰ ਸੇਵਾਦਾਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਮਰੀਜ਼ ਵਾਸੀ ਪਿੰਡ ਛਾਂਗਾ ਰਾਏ ਉਤਾੜ ਜ਼ਿਲ੍ਹਾ ਫਿਰੋਜ਼ਪੁਰ ਜੋ ਕਿ ਪ੍ਰੈਗਮਾ ਹਸਪਤਾਲ ਵਿਖੇ ਜੇਰੇ ਇਲਾਜ ਹੈ ਨੂੰ ਬਲਾਕ ਬਠਿੰਡਾ ਦੇ ਏਰੀਆ ਸ਼ਹੀਦ ਬਾਬਾ ਦੀਪ ਸਿੰਘ ਨਗਰ ਦੇ ਸੇਵਾਦਾਰ ਅਰੁਣ ਇੰਸਾਂ ਪੁੱਤਰ ਸੱਚਖੰਡ ਵਾਸੀ ਬਲਜਿੰਦਰ ਇੰਸਾਂ ਨੇ ਖ਼ੂਨਦਾਨ ਕੀਤਾ। ਇੱਕ ਮਰੀਜ਼ ਵਾਸੀ ਪਿੰਡ ਖੁਮਾਣੋਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਜੋ ਕਿ ਏਮਜ਼ ਹਸਪਤਾਲ ਵਿਖੇ ਜੇਰੇ ਇਲਾਜ ਹੈ ਨੂੰ ਏਰੀਆ ਲਾਲ ਸਿੰਘ ਨਗਰ ਦੇ ਸੇਵਾਦਾਰ ਵਿਜੇ ਇੰਸਾਂ ਪੁੱਤਰ ਯਸ਼ਪਾਲ ਇੰਸਾਂ ਨੇ ਖ਼ੂਨਦਾਨ ਕੀਤਾ। ਇੱਕ ਮਰੀਜ਼ ਵਾਸੀ ਸ਼ਾਂਤ ਨਗਰ, ਬਠਿੰਡਾ ਜੋ ਕਿ ਸਿਵਲ ਹਸਪਤਾਲ ਵਿਖੇ ਜੇਰੇ ਇਲਾਜ ਹੈ ਨੂੰ ਏਰੀਆ ਪ੍ਰਤਾਪ ਨਗਰ ਦੇ ਸੇਵਾਦਾਰ ਰਿੰਕੂ ਇੰਸਾਂ ਪੁੱਤਰ ਓਮਕਾਰ ਇੰਸਾਂ ਨੇ ਖ਼ੂਨਦਾਨ ਕੀਤਾ।

ਇਸੇ ਤਰਾਂ ਇੱਕ ਮਰੀਜ਼ ਵਾਸੀ ਪਿੰਡ ਅਰਨੀਵਾਲਾ ਜੋ ਕਿ ਪ੍ਰੈਗਮਾ ਹਸਪਤਾਲ ਵਿਖੇ ਜੇਰੇ ਇਲਾਜ ਹੈ ਨੂੰ ਏਰੀਆ ਆਈ.ਟੀ.ਆਈ ਦੇ ਸੇਵਾਦਾਰ ਕ੍ਰਿਸ਼ਨ ਇੰਸਾਂ ਪੁੱਤਰ ਗਿਆਨ ਚੰਦ ਇੰਸਾਂ ਨੇ ਖ਼ੂਨਦਾਨ ਕੀਤਾ। ਇਸ ਤੋਂ ਇਲਾਵਾ ਇੱਕ ਮਰੀਜ਼ ਵਾਸੀ ਪ੍ਰਤਾਪ ਨਗਰ ਬਠਿੰਡਾ ਜੋ ਕਿ ਚੰਡੀਗੜ੍ਹ ਕਲੀਨਿਕ ਅਤੇ ਨਰਸਿੰਗ ਹੋਮ ਵਿਖੇ ਜੇਰੇ ਇਲਾਜ ਹੈ ਨੂੰ ਏਰੀਆ ਸਾਹਿਬਜ਼ਾਦਾ ਅਜੀਤ ਸਿੰਘ ਰੋਡ ਦੇ ਸੇਵਾਦਾਰ ਸੰਦੀਪ ਇੰਸਾਂ ਪੁੱਤਰ ਜਸਵੀਰ ਇੰਸਾਂ ਅਤੇ ਏਰੀਆ ਮਹਿਣਾ ਚੌਂਕ ਦੇ ਸੇਵਾਦਾਰ ਕ੍ਰਿਸ਼ਨ ਇੰਸਾਂ ਪੁੱਤਰ ਸੋਹਨ ਲਾਲ ਇੰਸਾਂ ਨੇ ਖ਼ੂਨਦਾਨ ਕੀਤਾ। ਇਸ ਮੌਕੇ ਮਰੀਜ਼ਾਂ ਦੇ ਵਾਰਿਸਾਂ ਨੇ ਖ਼ੂਨ ਦਾਨੀ ਸੇਵਾਦਾਰਾਂ ਦਾ ਤਹਿਦਿਲੋਂ ਧੰਨਵਾਦ ਕੀਤਾ।

# ਮੋਹਾਲੀ ਤੋਂ ਲੁਧਿਆਣਾ ਜਾ ਰਹੀ ਕੈਬ ਲੁੱਟੀ, ਖੰਨਾ ਪੁਲਿਸ ਨੇ 3 ਘੰਟਿਆਂ ਅੰਦਰ ਦੋ ਲੁਟੇਰੇ ਕੀਤੇ ਕਾਬੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 15 ਨਵੰਬਰ INTERNATIONAL PAPER, 94636 01616 hardipchumber57@gmail.com

ਖੰਨਾ, 15 ਨਵੰਬਰ 2025 : ਪੁਲਿਸ ਜ਼ਿਲ੍ਹਾ ਖੰਨਾ ਅਧੀਨ ਆਉਂਦੇ ਸਮਰਾਲਾ ਨੇੜੇ ਲੁੱਟ ਦੀ ਇੱਕ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋ ਲੁਟੇਰਿਆਂ ਨੂੰ ਸਮਰਾਲਾ ਪੁਲਿਸ ਨੇ ਪਿੰਡ ਵਾਸੀਆਂ ਦੀ ਮਦਦ ਨਾਲ ਤਿੰਨ ਘੰਟਿਆਂ ਦੇ ਅੰਦਰ ਹੀ ਗ੍ਰਿਫ਼ਤਾਰ ਕਰ ਲਿਆ ਹੈ।

ਵਾਰਦਾਤ: ਦੋ ਲੁਟੇਰਿਆਂ ਨੇ ਮੋਹਾਲੀ ਤੋਂ ਲੁਧਿਆਣਾ ਜਾਣ ਲਈ ਇੱਕ ਕੈਬ ਕਿਰਾਏ 'ਤੇ ਬੁੱਕ ਕੀਤੀ।

ਘਟਨਾ ਸਥਾਨ: ਜਦੋਂ ਕੈਬ ਸਮਰਾਲਾ ਨੇੜੇ ਪਿੰਡ ਹੇਡੋ ਦੇ ਨਜ਼ਦੀਕ ਪਹੁੰਚੀ, ਤਾਂ ਦੋਵਾਂ ਲੁਟੇਰਿਆਂ ਨੇ ਕੈਬ ਡਰਾਈਵਰ ਨੂੰ ਗੱਡੀ ਵਿੱਚੋਂ ਧੱਕਾ ਮਾਰ ਕੇ ਬਾਹਰ ਸੁੱਟ ਦਿੱਤਾ ਅਤੇ ਕੈਬ ਲੈ ਕੇ ਫ਼ਰਾਰ ਹੋ ਗਏ।

### ਪੁਲਿਸ ਦੀ ਕਾਰਵਾਈ ਅਤੇ ਗ੍ਰਿਫ਼ਤਾਰੀ:


ਪਹਿਲੀ ਗ੍ਰਿਫ਼ਤਾਰੀ: ਕੈਬ ਲੈ ਕੇ ਫ਼ਰਾਰ ਹੋਏ ਲੁਟੇਰੇ ਜਦੋਂ ਸਮਰਾਲਾ ਦੇ ਹੀ ਨੇੜਲੇ ਪਿੰਡ ਕੋਟਲਾ ਸ਼ਮਸਪੁਰ ਵਿੱਚ ਦਾਖਲ ਹੋਏ, ਤਾਂ ਪਿੰਡ ਵਾਸੀਆਂ ਨੇ ਉਨ੍ਹਾਂ ਨੂੰ ਸ਼ੱਕੀ ਦੇਖਿਆ ਅਤੇ ਤੁਰੰਤ ਸਮਰਾਲਾ ਪੁਲਿਸ ਨੂੰ ਸੂਚਨਾ ਦਿੱਤੀ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਇੱਕ ਲੁਟੇਰੇ ਨੂੰ ਕਾਬੂ ਕਰ ਲਿਆ, ਜਦੋਂ ਕਿ ਦੂਸਰਾ ਲੁਟੇਰਾ ਭੱਜਣ ਵਿੱਚ ਕਾਮਯਾਬ ਹੋ ਗਿਆ।

ਦੂਜੀ ਗ੍ਰਿਫ਼ਤਾਰੀ: ਸਮਰਾਲਾ ਪੁਲਿਸ ਨੇ ਫ਼ਰਾਰ ਹੋਏ ਦੂਜੇ ਲੁਟੇਰੇ ਨੂੰ ਵੀ ਜ਼ੋਰਦਾਰ ਯਤਨਾਂ ਤੋਂ ਬਾਅਦ ਤਿੰਨ ਘੰਟਿਆਂ ਦੇ ਅੰਦਰ ਹੀ ਲੁਧਿਆਣਾ ਦੇ ਰੇਲਵੇ ਸਟੇਸ਼ਨ ਨੇੜਿਓਂ ਗ੍ਰਿਫ਼ਤਾਰ ਕਰ ਲਿਆ।

"Equality and justice"
Patiala 15 November
INTERNATIONAL PAPER, 94636 01616
hardipchumber57@gmail.com

# 16 ਨਵੰਬਰ 2025 ਸ. ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ ਤੇ ਵਿਸ਼ੇਸ਼

ਦਲਬੀਰ ਸਿੰਘ ਧਾਲੀਵਾਲ ਪਟਿਆਲਾ
ਮੋਬਾ: 86993—22704



## " ਜਿੰਦੜੀ ਛੋਟੀ ਪਰ ਕੁਰਬਾਨੀ ਵੱਡੀ ਵਾਲਾ ਸ਼ਹੀਦ ਸ. ਕਰਤਾਰ ਸਿੰਘ ਸਰਾਭਾ "

ਬਚਪਨ ਵਿਚ ਬਜ਼ੁਰਗਾਂ ਤੋਂ ਸੁਣਦੇ ਹੁੰਦੇ ਸਾਂ, ਕਿ ਔਹ ਵੇਖੋ ਅਕਾਸ਼ ਵਿਚ ਧਰੂ ਤਾਰਾ, ਇਹ ਸਭਨਾਂ ਤੋਂ ਉੱਚਾ ਹੈ ਅਤੇ ਚਮਕਦਾ ਵੀ ਸਭ ਤੋਂ ਅਨੋਖਾ ਹੈ । ਪਤਾ ਹੈ ਨਾ —ਇਹ ਧਰੂ ਭਗਤ ਹੈ ਜੋ ਬਾਲ ਉਮਰੇ ਹੀ ਹੱਕ ਤੇ ਸੱਚ ਲਈ ਸ਼ਹੀਦ ਹੋ ਕੇ ਏਡਾ ਵੱਡਾ ਕਾਰਨਾਮਾ ਕਰ ਗਿਆ ਕਿ ਰੱਬ ਨੇ ਉਸਨੂੰ ਅਮਰ ਕਰਕੇ ਅੰਬਰ ਦਾ ਤਾਰਾ ਬਣਾ ਦਿੱਤਾ । ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸ਼ਹਿਬਜ਼ਾਦੇ ਜ਼ੋਰਾਵਰ ਤੇ ਫਤਿਹ ਸਿੰਘ ਵੀ ਬਾਲ ਉਮਰੇ ਹੀ ਸਰਹੰਦ ਦੀ ਦੀਵਾਰ ਵਿੱਚ ਸ਼ਹੀਦ ਹੋ ਗਏ ਸਨ ਕਿਉਂਕਿ ਉਹਨਾਂ ਨੇ ਜ਼ਾਲਮ ਸੂਬਾ ਸਰਹੰਦ ਦਾ ਤਾਨਾਸ਼ਾਹੀ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ । ਇਸ ਤਰ੍ਹਾਂ ਇਹਨਾਂ ਮਸੂਮ ਜਿੰਦਾਂ ਨੇ ਸੱਚੇ ਧਰਮ ਦੀ ਰਾਖੀ ਖਾਤਰ ਸ਼ਹੀਦ ਹੋ ਕੇ ਆਉਣ ਵਾਲੀਆਂ ਨਸਲਾਂ ਨੂੰ ਸਿਰ ਉੱਚਾ ਕਰਕੇ ਜਿਉਣ ਦੀ ਜਾਚ ਦੱਸੀ ਕਿ : " ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ, ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨਾ ਛਾਡੈ ਖੇਤੁ । " ਸ਼ਾਇਦ ਇਹਨਾਂ ਮਾਸੂਮ ਸ਼ਹੀਦਾਂ ਤੋਂ ਪ੍ਰੇਰਣਾ ਲੈ ਕੇ ਹੀ ਭਾਰਤ ਮਾਤਾ ਦੀ ਜੰਗੇ ਆਜ਼ਾਦੀ ਵਿਚ ਬਹੁਤ ਸਾਰੇ ਨੌਜਵਾਨ ਆਜ਼ਾਦੀ ਪ੍ਰਵਾਨੇ ਜੂਝਦੇ ਹੋਏ ਕੁਰਬਾਨ ਹੋ ਗਏ ਜਿਹਨਾਂ ਵਿੱਚੋਂ ਸਭ ਤੋਂ ਛੋਟੀ ਉਮਰ ਦਾ ਸ਼ਹੀਦ ਕਰਤਾ ਸਿੰਘ ਸਰਾਭਾ ਸੀ । ਇਸ ਸ਼ਹੀਦ ਦਾ ਜਨਮ 24 ਮਈ 1896 ਨੂੰ ਜ਼ਿਲਾ ਲੁਧਿਆਣਾ ਦੇ ਪਿੰਡ ਸਰਾਭਾ ਵਿਖੇ ਮਹਾਨ ਮਾਤਾ ਸਾਹਿਬ ਕੌਰ ਦੀ ਸੁਲੱਖਣੀ ਕੁੱਖ ਤੋਂ ਹੋਇਆ ਜਿਸਨੇ ਆਪਣੇ ਲਾ ਮਿਸਾਲ ਸੰਘਰਸ਼ ਨਾਲ ਅੰਗਰੇਜ਼ ਸਾਮਰਾਜ ਦੀਆਂ ਚੂਲਾਂ ਹਿਲਾਂ ਕੇ ਰੱਖ ਦਿੱਤੀਆਂ । ਭਗਤ ਕਬੀਰ ਜੀ ਵੱਲੋਂ ਉਚਾਰੇ ਗਏ ਪਵਿੱਤਰ ਬੋਲ ਇਸ ਮਹਾਨ ਮਾਤਾ ਅਤੇ ਮਹਾਨ ਸ਼ਹੀਦ ਉਤੇ ਸਹੀ ਸਾਬਤ ਹੁੰਦੇ ਹਨ ਕਿ:"ਜਨਨੀ ਜਨੈ ਤਾਂ ਭਗਤ ਜਨ ਕੈ ਦਾਤਾ ਕੈ ਸੂਰ, ਨਹੀਂ ਤਾਂ ਜਨਨੀ ਬਾਂਝ ਰਹੇ ਕਾਹੇ ਗਵਾਵਹਿ ਨੂਰ"

ਭਾਵੇਂ ਸਰਾਭਾ ਦੇ ਸਿਰ ਤੋਂ ਮਾਂ ਬਾਪ ਦਾ ਸਾਇਆ ਬਚਪਨ ਵਿੱਚ ਹੀ ਉਠ ਗਿਆ ਸੀ ਪਰੰਤੂ ਫਿਰ ਵੀ ਉਸਨੇ ਦ੍ਰਿੜ ਇਰਾਦੇ ਸਦਕਾ 1912 ਵਿਚ ਦਸਵੀਂ ਪਾਸ ਕਰ ਲਈ ਸੀ । ਇਸ ਉਪਰੰਤ ਦਾਦਾ ਬਚਨ ਸਿੰਘ ਨੇ ਉਸਨੂੰ ਉਚ ਵਿਦਿਆ ਲਈ ਅਮਰੀਕਾ ਦੀ ਬਰਕਲੇ ਯੂਨੀਵਰਸਿਟੀ ਵਿਚ ਭੇਜ ਦਿੱਤਾ । ਸਰਾਭਾ ਬੇਸ਼ਕ ਉਚ ਵਿਦਿਆ ਪ੍ਰਾਪਤ ਕਰ ਰਿਹਾ ਸੀ ਪਰੰਤੂ ਉਸ ਦੇ ਆਸੇ ਪਾਸੇ ਵਾਪਰ ਰਹੀਆਂ ਦੇਸ਼ ਭਗਤਾਂ ਦੀਆਂ ਗਤੀਆਂ ਵਿਧੀਆਂ ਤੋਂ ਉਹ ਬਚ ਨਾ ਸਕਿਆ ਅਤੇ ਉਸ ਦਾ ਮੇਲ ਆਪਣੇ ਹੀ ਪਿੰਡ ਦੇ ਰੁਲੀਆ ਸਿੰਘ ਰਾਹੀਂ ਬਾਬਾ ਸੋਹਣ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ ਤੇ ਲਾਲਾ ਹਰਦਿਆਲ ਵਰਗੇ ਗਦਰੀ ਕ੍ਰਾਂਤਕਾਰੀਆਂ ਨਾਲ ਹੋ ਗਿਆ । ਵਿਦਿਆ ਪ੍ਰਾਪਤ ਕਰਨ ਉਪਰੰਤ ਸੰਸਾਰਕ ਸੁਖਾਂ ਨੂੰ ਠੋਕਰ ਮਾਰਕੇ ਸਰਾਭਾ ਆਜ਼ਾਦੀ ਪ੍ਰਵਾਨੇ ਗਦਰੀ ਬਾਬਿਆਂ ਦਾ ਸਾਥੀ ਬਣ ਗਿਆ । ਸਰਾਭਾ ਤੇਜ਼ ਬੁੱਧੀ, ਦਰਿੜ੍ਹ ਇਰਾਦੇ ਤੇ ਬੁਲੰਦ ਹੌਂਸਲੇ ਦਾ ਮਾਲਕ ਸੀ ਇਸੇ ਕਰਕੇ ਹੀ ਪਾਰਟੀ ਅਖਬਾਰ ਗਦਰ ਦੀ ਗੂੰਜ ਦੀ ਪੂਰੀ ਜਿੰਮੇਵਾਰੀ ਉਸਨੂੰ ਸੌਂਪ ਦਿੱਤੀ ਗਈ ਜਿਸ ਨੂੰ ਸਰਾਭੇ ਨੇ ਪੂਰੀ ਲਗਨ ਤੇ ਤਨਦੇਹੀ ਨਾਲ ਨਿਭਾਇਆ । ਸਰਾਭਾ ਕ੍ਰਾਂਤੀਕਾਰੀ ਕਵਿਤਾਵਾਂ ਵੀ ਲਿਖਿਆ ਕਰਦਾ ਸੀ ਅਤੇ ਆਮ ਤੌਰ ਤੇ ਇਹ ਗੁਣ ਗੁਣਾਕਾ ਰਹਿੰਦਾ ਸੀ ' ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ ਗੱਲਾਂ ਕਰਨੀਆਂ ਬਹੁਤ ਸੁੱਖਲੀਆਂ ਨੇ, ਜਿਹਨਾਂ ਜੰਗੇ ਆਜ਼ਾਦੀ ਵਿਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ '



ਇਸੇ ਕਰਕੇ ਬਾਬਾ ਭਕਨਾ ਜੀ ਸਰਾਭਾ ਨੂੰ ਬਾਲਾ ਜਰਨੈਲ ਕਿਹਾ ਕਰਦੇ ਸਨ । 1914 ਵਿੱਚ ਪਹਿਲੀ ਸੰਸਾਰ ਜੰਗ ਦੇ ਭਾਂਬੜ ਮਚ ਉਠੇ । ਇਸੇ ਸਮੇਂ ਅਮਰੀਕਾ ਵਿੱਚ ਰਹਿ ਰਹੇ ਦੇਸ਼ ਭਗਤਾਂ ਨੇ ਅੰਗਰੇਜ਼ ਹਕੂਮਤ ਨੂੰ ਲੜਾਈ ਵਿੱਚ ਉਲਝਿਆ ਹੋਇਆ ਵੇਖ ਕੇ ਆਜ਼ਾਦੀ ਦੀ ਜਦੋ ਜਹਿਦ ਨੂੰ ਹੋਰ ਤੇਜ਼ ਕਰਨ ਲਈ ਦੇਸ਼ ਵਾਪਸੀ ਦਾ ਫੈਸਲਾ ਕੀਤਾ ਪ੍ਰੰਤੂ ਕੁਝ ਗਦਾਰਾਂ ਵੱਲੋਂ ਭੇਦ ਖੋ੍ਹਲੇ ਜਾਣ ਕਰਕੇ ਬਹੁਤ ਸਾਰੇ ਕ੍ਰਾਂਤੀਕਾਰੀ ਕਲਕੱਤੇ ਪਹੁੰਚਦੇ ਹੀ ਫੜ੍ਹ ਲਏ ਗਏ, ਸਰਾਭਾ ਕਿਸੇ ਤਰ੍ਹਾਂ ਪੰਜਾਬ ਪਹੁੰਚਣ ਵਿਚ ਸਫਲ ਹੋ ਗਿਆ । ਦੇਸ਼ ਪਹੁੰਚ ਕੇ ਸਰਾਭੇ ਨੇ ਰਾਜ ਬਿਹਾਰੀ ਬੋਸ ਤੇ ਹੋਰ ਸਾਥੀਆਂ ਨਾਲ ਮੇਲ ਜੋਲ ਕਾਇਮ ਕਰਨ ਉਪਰੰਤ ਇਹ ਫੈਸਲਾ ਲਿਆ ਕਿ ਛੌਣੀਆਂ ਅੰਦਰ ਬਗਾਵ ਫੈਲਾਈ ਜਾਵੇ ਅਤੇ ਇਸ ਉਦੇਸ਼ ਲਈ ਸਰਾਭੇ ਨੇ ਸਭ ਤੋਂ ਵੱਧ ਭੱਜਦੌੜ ਕੀਤੀ ।

21 ਫਰਵਰੀ 1915 ਬਗਾਵਤ ਦਾ ਦਿਨ ਮਿਥਿਆ ਗਿਆ ਪ੍ਰੰਤੂ ਕਿਰਪਾਲ ਸਿੰਘ ਗਦਾਰ ਦੇ ਕਾਰਨ ਭੇਦ ਖੁਲ੍ਹ ਗਿਆ ਜਿਸ ਕਰਕੇ ਇਹ ਤਰੀਕ ਬਦਲਕੇ 19 ਫਰਵਰੀ ਕਰਨੀ ਪਈ ਪ੍ਰੰਤੂ ਕੌਮ ਦੇ ਗਦਾਰਾਂ ਦੀ ਕਮੀ ਇਥੇ ਵੀ ਨਹੀਂ ਸੀ । ਇਸ ਲਈ ਇਹ ਸੂਹ ਸਰਕਾਰ ਨੂੰ ਮਿਲ ਗਈ ਤੇ ਬਹੁਤ ਸਾਰੇ ਕ੍ਰਾਂਤੀਕਾਰੀ ਫੜ੍ਹ ਲਏ ਗਏ, ਭਾਰਤੀ ਫੌਜੀਆਂ ਤੋਂ ਹਥਿਆਰ ਖੋਹ ਕੇ ਉਹਨਾਂ ਨੂੰ ਨਿਹੱਥੇ ਕਰ ਦਿੱਤਾ ਗਿਆ । ਸਰਾਭੇ ਦੀ ਮੰਜਲ ਤਾਂ ਆਜ਼ਾਦੀ ਹੀ ਸੀ ਜਿਸ ਨੂੰ ਪ੍ਰਾਪਤ ਕਰਨ ਉਹ ਵੱਡੇ ਤੋਂ ਵੱਡਾ ਦੁੱਖ ਝੱਲਣ ਨੂੰ ਵੀ ਤਿਆਰ ਸੀ ਅਤੇ ਆਪਣੇ ਜਿਸਮ ਦੀ ਚਰਬੀ ਪਾ ਕੇ ਵੀ ਉਹ ਆਜ਼ਾਦੀ ਦੀ ਛ੍ਹਮਾਂ ਨੂੰ ਜਗਦੀ ਰੱਖਣੀ ਚਾਹੁੰਦਾ ਸੀ । ਜਿਥੇ ਕ੍ਰਾਂਤੀਕਾਰੀ ਦੇਸ਼ ਆਜ਼ਾਦੀ ਲਈ ਆਪਣੀ ਪੂਰੀ ਵਾਹ ਲਾ ਰਹੇ ਸਨ ਉਥੇ ਅੰਗਰੇਜ਼ੀ ਹਾਕਮ ਵੀ ਕਈ ਭਾਰਤੀ ਮਕਾਰਾਂ ਤੇ ਗਦਾਰਾਂ ਨੂੰ ਲਾਲਚ ਦੇ ਕੇ ਸਾਡੇ ਦੇਸ਼ ਭਗਤਾਂ ਦੇ ਖਿਲਾਫ ਵਰਤ ਰਹੇ ਸਨ । ਇਸੇ ਤਹਿਤ ਹੀ ਗੰਡਾ ਸਿੰਘ ਅੰਗਰੇਜੀ ਪਿੱਠੂ ਨੇ ਆਪਣੇ ਭਾਰਤ ਦੇਸ਼ ਨਾਲ ਵਿਸ਼ਵਾਸਘਾਤ ਕਰਦੇ ਹੋਏ 2 ਮਾਰਚ 1915 ਨੂੰ ਸਰਾਭੇ ਨੂੰ ਸਾਥੀਆਂ ਸਮੇਤ ਸਰਗੋਧੇ ਅਪਣੇ ਫਾਰਮ ਤੇ ਗਿਰਫਤਾਰ ਕਰਵਾ ਦਿੱਤਾ । ਲਾਹੌਰ ਸੈਂਟਰਲ ਜੇਲ੍ਹ ਵਿਚ ਸਰਾਭਾ ਤੇ ਉਸਦੇ ਸਾਥੀਆਂ ਤੇ ਮੁੱਕਦਮਾ ਚਲਿਆ ਜਿਸ ਵਿਚ ਉਹਨਾਂ ਨੂੰ ਫਾਂਸੀ ਦਾ ਹੁਕਮ ਹੋਇਆ ਪ੍ਰੰਤੂ ਇਸ ਸਜਾ ਦੇ ਹੁਕਮ ਤੋਂ ਬਾਅਦ ਵੀ ਸਰਾਭੇ ਦਾ ਮਨੋਬਲ ਇਤਨਾ ਉੱਚਾ ਰਿਹਾ ਕਿ ਫਾਂਸੀ ਤੋਂ ਪਹਿਲਾਂ ਉਸਦਾ ਭਾਰ ਵਧ ਗਿਆ ਸੀ । ਆਖਰ 16 ਨਵੰਬਰ 1915 ਨੂੰ ਆਜ਼ਾਦੀ ਸੰਗਰਾਮ ਦਾ ਸਭ ਤੋਂ ਛੋਟੀ ਉਮਰ ਦਾ ਪ੍ਰਵਾਨਾਂ ਅਤੇ ਉਸਦੇ ਛੇ ਸਾਥੀ ਫਾਂਸੀ ਦੇ ਰੱਸੇ ਨੂੰ ਖੁਸ਼ੀ ਖੁਸ਼ੀ ਚੁੰਮਕੇ ਸ਼ਹੀਦ ਹੋ ਏ ਤੇ ਭਾਰਤ ਮਾਤਾ ਦੇ ਮੁਕਟ ਵਿੱਚ ਅਨਮੋਲ ਹੀਰਿਆਂ ਦੀ ਤਰਾਂ ਜੜੇ ਗਏ ਜੋ ਰਹਿੰਦੀ ਦੁਨੀਆਂ ਤੀਕ ਚਮਕਦੇ ਰਹਿਣਗੇ । ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਆਜ਼ਾਦੀ ਇਤਿਹਾਸ ਵਿਚ ਇਕ ਮੀਲ ਪੱਥਰ ਬਣਕੇ ਸਦਾ ਹੀ ਇਹ ਦਰਸਾਉਂਦੀ ਰਹੇਗੀ ਕਿ ਛੋਟੀਆਂ ਜਿੰਦਾਂ ਵੱਡੇ ਕਾਰਨਮੇ ਵੀ ਕਰ ਸਕਦੀਆਂ ਹਨ । ਅੱਜ ਜਿਥੇ ਸਾਡੀ ਕੌਮ ਇਹਨਾਂ ਸ਼ਹੀਦਾਂ ਨੂੰ ਸਿਰ ਝੁਕਾ ਕੇ ਸ਼ਰਧਾ ਦੇ ਫੁੱਲ ਭੇਂਟ ਕਰ ਰਹੀ ਹੈ ਉਥੇ ਸਾਡੇ ਦੇਸ਼ ਵਾਸੀਆਂ ਨੂੰ ਇਹ ਵਿਸ਼ਲੇਸ਼ਣ ਕਰਨ ਦੀ ਸਖਤ ਜ਼ਰੂਰਤ ਹੈ ਕਿ ਏਡੀਆਂ ਵੱਡੀਆਂ ਕੁਰਬਾਨੀਆਂ ਉਪਰੰਤ ਇਤਨੀ ਮਹਿੰਗੀ ਪ੍ਰਾਪਤ ਹੋਈ ਆਜ਼ਾਦੀ ਦਾ ਨਿੱਘ ਮਾਣਦੇ ਹੋਏ ਅੱਜ ਅਸੀਂ ਸ਼ਹੀਦਾਂ ਦੇ ਸੁਪਨੇ ਪੂਰੇ ਕਰਨ ਲਈ ਕੀ ਉਪਰਾਲੇ ਕਰ ਰਹੇ ਹਾਂ । ਆਜ਼ਾਦੀ ਉਪਰੰਤ ਜਿਹਨਾਂ ਹੁਕਮਰਾਨਾਂ ਦੇ ਹੱਥਾਂ ਵਿੱਚ ਦੇਸ਼ ਦੀ ਵਾਗਡੋਰ ਆਈ ਕੀ ਉਹ ਰਾਜਭਾਗ ਦੇ ਨਸ਼ੇ ਵਿਚ ਜਨਤਾ ਨੂੰ ਅਜਿਹਾ ਰਾਜ ਪ੍ਰਬੰਧ ਦੇ ਸਕੇ ? ਜਿਸ ਵਿੱਚ ਸਮਤਾ, ਸਮਾਨਤਾ, ਭਾਈਚਾਰਾ, ਕਾਇਮ ਹੋਵੇ ਜਿਸ ਵਿਚ ਬੇਰੁਜ਼ਗਾਰੀ, ਭੁੱਖਮਰੀ, ਬੇਇਨਸਾਫੀ, ਭ੍ਰਿਸ਼ਟਾਚਾਰ, ਚਰਿੱਤਰ ਹੀਣਤਾ, ਨਸ਼ਾ ਪ੍ਰਸਤੀ, ਬਾਲ ਮਜ਼ਦੂਰੀ, ਲੁੱਟਾ ਖੋਹਾਂ, ਮਾ —ਧਾੜ , ਗੈਂਗਸਟਰਵਾਦ ਜਿਹੀਆਂ ਲਾਹਨਤਾਂ ਨਾ ਹੋਣ । ਕੀ ਸਾਡੇ ਦੇਸ਼ ਦੇ ਨੌਜਵਾਨਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਸਾਡੇ ਸ਼ਹੀਦਾਂ ਨੇ ਆਪਣੀਆਂ ਜਵਾਨੀਆਂ ਸਾਡੇ ਲਈ ਕਿਉਂ ਵਾਰੀਆਂ ਸਨ । ਕੀ ਸਾਡੇ ਅਜੋਕੇ ਕਲਾਕਾਰ, ਗੀਤਕਾਰ, ਸਾਹਿਤਕਾਰ ਇਸ ਪ੍ਰਤੀ ਫਿਕਰਮੰਦ ਹਨ । ਨੌਜਵਾਨਾਂ ਨੂੰ ਇਸ਼ਕ ਮੁਸ਼ਕ, ਵਹਿਮਾਂ ਭਰਮਾਂ ਅਤੇ ਢੈਂਹਦੀਆਂ ਕਲਾ ਅਤੇ ਨੰਗੇਜਵਾਦ ਲਚਰਹੀਣਤਾ ਅਤੇ ਗੰਨ ਕਲਚਰ ਵਾਲਾ ਮਸਾਲਾ ਨਾ ਪਰੋਸਿਆ ਜਾਵੇ । ਸਗੋਂ ਉਸਾਰੂ ਸੋਚ ਵਾਲਾ, ਉੱਚੀ ਸਭਿਅਤਾ ਵਾਲਾ ਤੇ ਸ਼ਹੀਦਾਂ, ਸੂਰਬੀਰਾਂ ਵਿਦਵਾਨਾਂ ਅਤੇ ਸਾਇੰਸਦਾਨਾਂ ਦੀ ਸੋਚ ਨਾਲ ਜੋੜਨ ਵਾਲੇ ਸਾਹਿਤ ਨੂੰ ਪ੍ਰਫੁਲੱਤ ਕੀਤਾ ਜਾਵੇ । ਅਗਰ ਅਸੀਂ ਅਜਿਹੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਤੇ ਇਸਦੇ ਪੱਕੇ ਹੱਲ ਲੱਭਣ ਲਈ ਜਦੋ ਜਹਿਦ ਕਰਨ ਦਾ ਅੱਜ ਪ੍ਰਣ ਲਈਏ ਤਾਂ ਇਹੋ ਹੀ ਸਾਡੇ ਮਹਾਨ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ।

ਇਕ ਸ਼ਾਇਰ ਨੇ ਸ਼ਹੀਦਾਂ ਪ੍ਰਤੀ ਬਹੁਤ ਸੁਹਣਾ ਲਿਖਿਆ ਹੈ :

" ਸ਼ਹੀਦੋਂ ਕੀ ਕਤਲਗਾਹ ਸੇ ਕਿਆ ਬੇਹਤਰ ਹੈ ਕਾਅਬਾ ?
ਸ਼ਹੀਦੋਂ ਕੀ ਖ਼ਾਕ ਪਰ ਤੋਂ ਖੁਦਾ ਭੀ ਕੁਰਬਾਨ ਹੋਤਾ ਹੈ । "

"Equality and justice"
Patiala 15 November
INTERNATIONAL PAPER, 94636 01616
hardipchumber57@gmail.com

# ਸ਼ਹੀਦ ਉਦਾ ਦੇਵੀ ਪਾਸੀ: ਇੱਕ ਦਲਿਤ ਨਾਇਕਾ ਦਾ ਸੰਖੇਪ ਬਿਰਤਾਂਤ

ਇੰਜੀ. ਹਰਦੀਪ ਸਿੰਘ ਚੁੰਬਰ



## ਸ਼ਹੀਦ: 16 ਨਵੰਬਰ 1857

### ਕਾਰਜਕਾਰੀ ਸੰਖੇਪ

ਉਦਾ ਦੇਵੀ ਪਾਸੀ (1830-1857) 1857 ਦੇ ਭਾਰਤੀ ਵਿਦਰੋਹ ਦੌਰਾਨ ਇੱਕ ਪ੍ਰਮੁੱਖ ਦਲਿਤ ਮਹਿਲਾ ਆਜ਼ਾਦੀ ਘੁਲਾਟੀਏ ਸੀ। ਅਵਧ ਦੇ ਨਵਾਬ ਵਾਜਿਦ ਅਲੀ ਸ਼ਾਹ ਦੀ ਮਹਿਲਾ ਬਟਾਲੀਅਨ ਦੀ ਮੈਂਬਰ ਹੋਣ ਦੇ ਨਾਤੇ, ਉਸਨੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਵਿਰੁੱਧ ਹਥਿਆਰਬੰਦ ਵਿਰੋਧ ਵਿੱਚ ਮੁੱਖ ਭੂਮਿਕਾ ਨਿਭਾਈ। ਉਸਦਾ ਸਭ ਤੋਂ ਮਹੱਤਵਪੂਰਨ ਕੰਮ ਨਵੰਬਰ 1857 ਵਿੱਚ ਸਿਕੰਦਰ ਬਾਗ ਦੀ ਲੜਾਈ ਦੌਰਾਨ ਹੋਇਆ ਸੀ, ਜਿੱਥੇ ਉਸਨੇ ਬ੍ਰਿਟਿਸ਼ ਸੈਨਿਕਾਂ ਨੂੰ ਇੱਕ ਦਰੱਖਤ ਤੋਂ ਘਾਤ ਲਗਾ ਕੇ ਮਾਰ ਦਿੱਤਾ ਅਤੇ ਉਨ੍ਹਾਂ ਵਿੱਚੋਂ ਕਈਆਂ ਨੂੰ ਸ਼ਹੀਦ ਹੋਣ ਤੋਂ ਪਹਿਲਾਂ ਮਾਰ ਦਿੱਤਾ। ਉਸਦੀ ਕੁਰਬਾਨੀ ਦਲਿਤ ਭਾਈਚਾਰਿਆਂ ਦੇ ਯੋਗਦਾਨ ਨੂੰ ਉਜਾਗਰ ਕਰਦੀ ਹੈ, ਜਿਸਨੂੰ ਅਕਸਰ ਮੁੱਖ ਧਾਰਾ ਦੇ ਇਤਿਹਾਸਕ ਬਿਰਤਾਂਤਾਂ ਵਿੱਚ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਉਸਦੀ ਵਿਰਾਸਤ ਨੂੰ ਉੱਤਰ ਪ੍ਰਦੇਸ਼ ਸਰਕਾਰ ਦੁਆਰਾ ਉਸਦੇ ਨਾਮ 'ਤੇ ਇੱਕ ਪ੍ਰੋਵਿੰਸ਼ੀਅਲ ਆਰਮਡ ਕਾਂਸਟੇਬੁਲਰੀ (ਪੀਏਸੀ) ਮਹਿਲਾ ਬਟਾਲੀਅਨ ਦੀ ਸਥਾਪਨਾ ਦਾ ਐਲਾਨ ਕਰਨ ਨਾਲ ਆਧੁਨਿਕ ਮਾਨਤਾ ਮਿਲੀ ਹੈ।

### ਜਾਣ-ਪਛਾਣ ਅਤੇ ਇਤਿਹਾਸਕ ਸੰਦਰਭ

ਉਦਾ ਦੇਵੀ ਪਾਸੀ 1857 ਦੇ ਭਾਰਤੀ ਵਿਦਰੋਹ ਦੀ ਇੱਕ ਦਲੇਰ ਯੋਧਾ ਸੀ, ਜੋ ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਦੇ ਵਿਰੁੱਧ ਭਾਰਤੀ ਫੌਜਾਂ ਵੱਲੋਂ ਲੜ ਰਹੀ ਸੀ। ਉਹ ਅਵਧ ਦੇ ਆਖਰੀ ਨਵਾਬ ਵਾਜਿਦ ਅਲੀ ਸ਼ਾਹ ਦੀ ਮਹਿਲਾ ਬਟਾਲੀਅਨ ਦੀ ਇੱਕ ਪ੍ਰਤਿਸ਼ਠਾਵਾਨ ਮੈਂਬਰ ਸੀ। ਉਸਦਾ ਯੋਗਦਾਨ ਖਾਸ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ ਇਹ ਆਜ਼ਾਦੀ ਸੰਗਰਾਮ ਵਿੱਚ ਦਲਿਤ ਭਾਈਚਾਰਿਆਂ ਦੀ ਭੂਮਿਕਾ ਨੂੰ ਉਜਾਗਰ ਕਰਦਾ ਹੈ, ਜਿਸਨੂੰ ਅਕਸਰ ਝਾਂਸੀ ਦੀ ਰਾਣੀ ਵਰਗੀਆਂ ਉੱਚ-ਜਾਤੀ ਦੀਆਂ ਨਾਇਕਾਵਾਂ ਦੇ ਇਤਿਹਾਸਕ ਬਿਰਤਾਂਤਾਂ ਵਿੱਚ ਘੱਟ ਕਰਕੇ ਦਰਸਾਇਆ ਜਾਂਦਾ ਹੈ। ਅੱਜ, ਉਦਾ ਦੇਵੀ ਪਾਸੀ ਅਤੇ ਹੋਰ ਦਲਿਤ ਔਰਤਾਂ ਨੂੰ ਭਾਰਤ ਦੀ ਆਜ਼ਾਦੀ ਲਈ ਲੜਨ ਵਾਲੀਆਂ "ਦਲਿਤ ਨਾਇਕਾਵਾਂ" ਵਜੋਂ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ।

### ਨਿੱਜੀ ਜੀਵਨ ਅਤੇ ਬਗਾਵਤ ਵਿੱਚ ਪ੍ਰਵੇਸ਼

* ਸ਼ੁਰੂਆਤੀ ਜੀਵਨ: ਉਦਾ ਦੇਵੀ ਦਾ ਜਨਮ 30 ਜੂਨ, 1830 ਨੂੰ ਉੱਤਰ ਪ੍ਰਦੇਸ਼ ਦੇ ਲਖਨਊ ਜ਼ਿਲ੍ਹੇ ਦੇ ਉਜਾਰੀਆ ਪਿੰਡ ਵਿੱਚ ਇੱਕ ਪਾਸੀ ਪਰਿਵਾਰ ਵਿੱਚ ਹੋਇਆ ਸੀ। ਇਹ ਖੇਤਰ ਹੁਣ ਗੋਮਤੀ ਨਗਰ ਵਜੋਂ ਜਾਣਿਆ ਜਾਂਦਾ ਹੈ।

* ਵਿਆਹ: ਉਸਦਾ ਵਿਆਹ ਮੱਕਾ ਪਾਸੀ ਨਾਲ ਹੋਇਆ ਸੀ, ਜੋ ਆਪਣੇ ਸਮੇਂ ਦਾ ਇੱਕ ਪ੍ਰਸਿੱਧ ਪਹਿਲਵਾਨ ਅਤੇ ਹਜ਼ਰਤ ਮਹਿਲ ਦੀ ਫੌਜ ਵਿੱਚ ਇੱਕ ਸਿਪਾਹੀ ਸੀ।




* ਬਗਾਵਤ ਵਿੱਚ ਸ਼ਾਮਲ ਹੋਣਾ: ਬ੍ਰਿਟਿਸ਼ ਪ੍ਰਸ਼ਾਸਨ ਵਿਰੁੱਧ ਵਧਦੇ ਜਨਤਕ ਰੋਸ ਦੇ ਵਿਚਕਾਰ, ਉਦਾ ਦੇਵੀ ਨੇ ਅਵਧ ਦੀ ਰਾਣੀ, ਬੇਗਮ ਹਜ਼ਰਤ ਮਹਿਲ ਤੋਂ ਯੁੱਧ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਮੰਗੀ।

* ਇੱਕ ਮਹਿਲਾ ਬਟਾਲੀਅਨ ਦਾ ਗਠਨ: ਯੁੱਧ ਦੀਆਂ ਤਿਆਰੀਆਂ ਨੂੰ ਵੇਖਦੇ ਹੋਏ, ਬੇਗਮ ਹਜ਼ਰਤ ਮਹਿਲ ਨੇ ਉਦਾ ਦੇਵੀ ਨੂੰ ਉਸਦੀ ਕਮਾਨ ਹੇਠ ਇੱਕ ਮਹਿਲਾ ਬਟਾਲੀਅਨ ਬਣਾਉਣ ਵਿੱਚ ਮਦਦ ਕੀਤੀ।

* ਹਥਿਆਰਬੰਦ ਵਿਰੋਧ: ਜਦੋਂ ਅੰਗਰੇਜ਼ਾਂ ਨੇ ਅਵਧ 'ਤੇ ਹਮਲਾ ਕੀਤਾ, ਤਾਂ ਉਦਾ ਦੇਵੀ ਅਤੇ ਉਸਦੇ ਪਤੀ ਦੋਵਾਂ ਨੇ ਹਥਿਆਰਬੰਦ ਵਿਰੋਧ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਲੜਾਈ ਵਿੱਚ ਆਪਣੇ ਪਤੀ ਦੀ ਮੌਤ ਦੀ ਖ਼ਬਰ ਮਿਲਦਿਆਂ ਹੀ, ਉਸਨੇ ਪੂਰੀ ਤਾਕਤ ਨਾਲ ਆਪਣੀ ਆਖਰੀ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ।

### ਸਿਕੰਦਰ ਬਾਗ ਦੀ ਲੜਾਈ ਅਤੇ ਸ਼ਹਾਦਤ

1857 ਦੀ ਪਤਝੜ ਤੱਕ, ਬਗਾਵਤ ਲਖਨਊ ਤੱਕ ਫੈਲ ਗਈ। ਨਵੰਬਰ 1857 ਵਿੱਚ, ਉਦਾ ਦੇਵੀ ਨੇ ਸਿਕੰਦਰ ਬਾਗ ਦੀ ਇਤਿਹਾਸਕ ਲੜਾਈ ਵਿੱਚ ਹਿੱਸਾ ਲਿਆ।

* ਰਣਨੀਤਕ ਕਾਰਵਾਈ: ਆਪਣੀ ਬਟਾਲੀਅਨ ਨੂੰ ਨਿਰਦੇਸ਼ ਦੇਣ ਤੋਂ ਬਾਅਦ, ਉਦਾ ਦੇਵੀ ਇੱਕ ਪਿੱਪਲ ਦੇ ਦਰੱਖਤ 'ਤੇ ਚੜ੍ਹ ਗਈ ਅਤੇ ਅੱਗੇ ਵਧ ਰਹੇ ਬ੍ਰਿਟਿਸ਼ ਫੌਜਾਂ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ।

* ਅੰਗਰੇਜ਼ਾਂ ਦੁਆਰਾ ਖੋਜ: ਇੱਕ ਬ੍ਰਿਟਿਸ਼ ਅਫਸਰ ਨੇ ਦੇਖਿਆ ਕਿ ਕਈ ਸੈਨਿਕਾਂ ਨੂੰ ਲੱਗਣ ਵਾਲੀਆਂ ਗੋਲੀਆਂ ਤੇਜ਼ ਰਫ਼ਤਾਰ ਨਾਲ ਉੱਪਰ ਵੱਲ ਆ ਰਹੀਆਂ ਸਨ, ਜਿਸ ਕਾਰਨ ਉਸਨੂੰ ਇੱਕ ਲੁਕੇ ਹੋਏ ਨਿਸ਼ਾਨੇਬਾਜ਼ ਦਾ ਸ਼ੱਕ ਹੋਇਆ। ਉਸਨੇ ਆਪਣੇ ਅਫਸਰਾਂ ਨੂੰ ਦਰੱਖਤਾਂ 'ਤੇ ਗੋਲੀਬਾਰੀ ਕਰਨ ਦਾ ਹੁਕਮ ਦਿੱਤਾ।

* ਸ਼ਹਾਦਤ: ਇਸ ਗੋਲੀਬਾਰੀ ਦੇ ਨਤੀਜੇ ਵਜੋਂ, ਇੱਕ ਬਾਗ਼ੀ ਸਿਪਾਹੀ ਇੱਕ ਦਰੱਖਤ ਤੋਂ ਡਿੱਗ ਪਿਆ ਅਤੇ ਉਸਦੀ ਮੌਤ ਹੋ ਗਈ। ਜਾਂਚ ਕਰਨ 'ਤੇ, ਨਿਸ਼ਾਨੇਬਾਜ਼ ਦੀ ਪਛਾਣ ਉਦਾ ਦੇਵੀ ਪਾਸੀ ਵਜੋਂ ਹੋਈ।

ਬ੍ਰਿਟਿਸ਼ ਅਫਸਰ ਵਿਲੀਅਮ ਫੋਰਬਸ-ਮਿਸ਼ੇਲ ਨੇ ਆਪਣੀ ਕਿਤਾਬ "ਰਿਮੈਨਿਸੈਂਸ ਆਫ਼ ਦ ਗ੍ਰੇਟ ਮਿਊਟੀਨੀ" ਵਿੱਚ ਉਦਾ ਦੇਵੀ ਦੀ ਬਹਾਦਰੀ ਦਾ ਵਰਣਨ ਕੀਤਾ ਹੈ:

"ਪੁਰਾਣੇ ਜ਼ਮਾਨੇ ਦੇ ਭਾਰੀ ਘੋੜਸਵਾਰ ਪਿਸਤੌਲਾਂ ਨਾਲ ਲੈਸ, ਜਿਨ੍ਹਾਂ ਵਿੱਚੋਂ ਇੱਕ ਅਜੇ ਵੀ ਉਸਦੀ ਪੇਟੀ ਵਿੱਚ ਲੱਦਿਆ ਹੋਇਆ ਸੀ, ਅਤੇ ਉਸਦੀ ਥੈਲੀ ਅਜੇ ਵੀ ਗੋਲਾ ਬਾਰੂਦ ਨਾਲ ਅੱਧੀ ਭਰੀ ਹੋਈ ਸੀ, ਜਦੋਂ ਕਿ ਹਮਲੇ ਤੋਂ ਪਹਿਲਾਂ ਧਿਆਨ ਨਾਲ ਤਿਆਰ ਕੀਤੇ ਗਏ ਇੱਕ ਦਰੱਖਤ 'ਤੇ ਬੈਠੀ ਹੋਈ ਸੀ, ਉਸਨੇ ਅੱਧੀ ਦਰਜਨ ਤੋਂ ਵੱਧ ਆਦਮੀਆਂ ਨੂੰ ਮਾਰ ਦਿੱਤਾ।"

### ਵਿਰਾਸਤੀ ਅਤੇ ਸਨਮਾਨ

ਉਦਾ ਦੇਵੀ ਪਾਸੀ ਦੀ ਕੁਰਬਾਨੀ ਨੂੰ ਅਜੇ ਵੀ ਯਾਦ ਕੀਤਾ ਜਾਂਦਾ ਹੈ ਅਤੇ ਉਸਨੂੰ ਕਈ ਤਰੀਕਿਆਂ ਨਾਲ ਸਨਮਾਨਿਤ ਕੀਤਾ ਗਿਆ ਹੈ:

* ਸਾਲਾਨਾ ਯਾਦਗਾਰ: ਪੀਲੀਭੀਤ ਦੇ ਪਾਸੀ ਭਾਈਚਾਰੇ ਦੇ ਮੈਂਬਰ ਹਰ ਸਾਲ 16 ਨਵੰਬਰ ਨੂੰ ਉਦਾ ਦੇਵੀ ਪਾਸੀ ਦੀ ਸ਼ਹਾਦਤ ਦੀ ਵਰ੍ਹੇਗੰਢ ਮਨਾਉਣ ਲਈ ਇਕੱਠੇ ਹੁੰਦੇ ਹਨ।

* ਪੀਏਸੀ ਮਹਿਲਾ ਬਟਾਲੀਅਨ: 20 ਮਾਰਚ, 2021 ਨੂੰ, ਉੱਤਰ ਪ੍ਰਦੇਸ਼ ਸਰਕਾਰ ਨੇ ਵੀਰੰਗਨਾ ਉਦਾ ਦੇਵੀ ਦੇ ਨਾਮ 'ਤੇ ਇੱਕ ਪ੍ਰੋਵਿੰਸ਼ੀਅਲ ਆਰਮਡ ਕਾਂਸਟੇਬੁਲਰੀ (ਪੀਏਸੀ) ਮਹਿਲਾ ਬਟਾਲੀਅਨ ਬਣਾਉਣ ਦਾ ਐਲਾਨ ਕੀਤਾ।

* ਸਰਕਾਰੀ ਮਾਨਤਾ: ਰਾਣੀ ਅਵੰਤੀਬਾਈ ਲੋਧੀ ਦੀ ਬਰਸੀ 'ਤੇ ਆਯੋਜਿਤ ਇੱਕ ਸਮਾਗਮ ਵਿੱਚ, ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਪੁਸ਼ਟੀ ਕੀਤੀ ਕਿ ਤਿੰਨ ਮਹਿਲਾ ਯੋਧਿਆਂ - ਰਾਣੀ ਅਵੰਤੀਬਾਈ, ਉਦਾ ਦੇਵੀ ਅਤੇ ਝਲਕਾਰੀਬਾਈ - ਦੇ ਨਾਮ 'ਤੇ ਤਿੰਨ ਪੀਏਸੀ ਮਹਿਲਾ ਬਟਾਲੀਅਨਾਂ ਬਣਾਈਆਂ ਜਾਣਗੀਆਂ, ਜਿਸ ਲਈ ਸਾਰੀਆਂ ਰਸਮਾਂ ਪੂਰੀਆਂ ਕਰ ਲਈਆਂ ਗਈਆਂ ਹਨ।

"इक्वालिटी एंड जस्टिस
" पटियाला 15 नवंबर
INTERNATIONAL PAPER, 94636 01616
hardipchumber57@gmail.com

# हमारी आजादी की लड़ाई बाकी है- बाबा साहब

**बाबा साहेब कहते हैं**

1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगों को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।

## *सभी राजनीतिक दल एक होकर हिंदी राजनीति की धुरा सम्हालें

जनता : 8 अप्रैल, 1939

रविवार दिनांक 2 अप्रैल, 1939 को विलेपार्ले, मुंबई के



लोकशाही स्वराज पक्ष की ओर से मुंबई म्युनिसिपल कारपोरेशन में चुनाव जीतने वाले कुछ हिंदू कार्पोरेटर्स को सार्वजनिक रूप से सम्मानित किया गया। इस कार्यक्रम में श्री रामभाऊ तटणीस, अॅड तलपदे, पि. दोंदे, श्री भगवंतराव परलकर और डी. वी. प्रधान आदि सदस्य उपस्थित थे। इस कार्यक्रम में डॉ. बाबासाहेब अम्बेडकर को खासतौर से आमंत्रित किया गया था। शुरूआत में अभिनंदन का जवाब देते हुए कुछ लोगों के भाषण हुए। उसके बाद डॉ. अम्बेडकर से बोलने की विनती की गई। उन्होंने अपने भाषण में गांधी युग से पूर्व के हिंदी राजनीतिक स्थितियों का विश्लेषण करते हुए कहा कि-

गांधी युग की शुरूआत होने से पूर्व भारत में नरमपंथी और चरमपंथी ये दो पक्ष ही प्रमुख थे। नरम पक्ष बुद्धि और अध्ययनपरक बुद्धि पर अधिक बल देता था। तो, चरम दल इस बात को अधिक महत्व देता था कि देश के लिए अलौकिक स्वार्थ त्याग करना पड़े तो प्राणों की भी प्रवाह नहीं करनी चाहिए । लेकिन, गांधी युग से यह परिदृश्य पूरी तरह से बदल गया। राजनीति में ढोंगी लोगों का प्रवेश हुआ। दो आने की गांधी टोपी सिर पर लगाकर गांधी का दास होना जाहिर किया और बस हो गया देशभक्त। इससे हिंदी राजनीति में स्वार्थसाधकों का बोलबाला हुआ। आज गांधी जी जिस शुद्धी की बात कर रहे हैं उसके लिए खुद ही जिम्मेदार हैं। जिस गंदगी की इस प्रकार गंदगी से ही पैदाइश हुई उनका आपस में मिलना तय था।

काँग्रेस के असहकारिता आंदोलन के कारण हजारों लोग कारागार चले गए। उस कारावास की महति वे मुक्त कंठ से गाते हैं। लेकिन इन कारावासों के दौरान स्त्री - भोगादी सुख लेने के उदाहरण उजागर होने के कारण यह कैसे कहा जा सकता है कि कारावास सश्रम था?

असल कलेश, दुख तो लो तिलक ने भोगे। उनके कारावास की काँग्रेसी नेताओं के कारावास के साथ तुलना करना असंभव है। कारावास के उनके अनुभवों को देख कर आंखों से आंसुओं की खून की बूंदे भी रिस सकती है। काँग्रेस की सत्ता यानी तानाशाही और इसके लिए चुनावक्षेत्र ही जिम्मेदार हैं। सो अब उसकी ओर से काँग्रेस की राजनीतिक असफलता को कोसना बेकार है। इसका केवल एक ही उपाय है कि सभी राजनीतिक पार्टियां एक होकर काँग्रेस के ढोंग को उजागर करें। सभी राजनीतिक पक्षों को एक होकर संगठन बनाकर बेझिझक हिंदी राजनीति की जिम्मेदारी अपने हाथ में लेने की कोशिश करनी चाहिए। आप मुंबई एसेंब्ली के आज के दृश्य को देखें, एसेंब्ली के काँग्रेस सदस्यों पर नजर डालें- आपको लगेगा कहीं यह किंग एडवर्ड अस्पताल का लूलो-लंगड़ों, अंधों- बूढ़ों का वार्ड तो नहीं है?

## डॉ. अम्बेडकर का भाषण: गांधीवादी राजनीति की आलोचना और एकीकृत विपक्ष का आह्वान

(इंजी. हरदीप सिंह चुंबर)

### कार्यकारी सारांश

2 अप्रैल, 1939 को मुंबई में आयोजित एक सम्मान समारोह में डॉ. बाबासाहेब अम्बेडकर ने एक महत्वपूर्ण भाषण दिया, जिसमें उन्होंने गांधी-युग की राजनीति की तीखी आलोचना की। उन्होंने तर्क दिया कि गांधी-युग के आगमन ने भारतीय राजनीति में ढोंग और अवसरवाद को जन्म दिया, जो गांधी-पूर्व युग के नरमपंथी और चरमपंथी दलों के बौद्धिक और त्याग-केंद्रित दृष्टिकोण के विपरीत था। डॉ. अम्बेडकर ने कांग्रेस के असहयोग आंदोलन के दौरान नेताओं द्वारा किए गए कारावास के दावों पर सवाल उठाया और उनकी तुलना लोकमान्य तिलक द्वारा सहे गए वास्तविक कष्टों से करते हुए उसे नगण्य बताया। उन्होंने कांग्रेस के शासन को "तानाशाही" करार दिया और इसकी सफलता के लिए मतदाताओं को जिम्मेदार ठहराया। अंत में, उन्होंने कांग्रेस के "ढोंग" को उजागर करने और भारतीय राजनीति का नेतृत्व संभालने के लिए सभी राजनीतिक दलों से एक होकर एक मजबूत संगठन बनाने का आह्वान किया।

### पृष्ठभूमि और संदर्भ

यह विश्लेषण 8 अप्रैल, 1939 के 'जनता' समाचार पत्र में प्रकाशित एक लेख पर आधारित है, जिसमें डॉ. अम्बेडकर के भाषण का विवरण दिया गया है।

* आयोजन: मुंबई म्युनिसिपल कॉरपोरेशन में चुनाव जीतने वाले कुछ हिंदू कॉरपोरेटरों के लिए एक सार्वजनिक सम्मान समारोह।
* तिथि: रविवार, 2 अप्रैल, 1939
* स्थान: विलेपार्ले, मुंबई
* आयोजक: लोकशाही स्वराज पक्ष
* मुख्य अतिथि: डॉ. बाबासाहेब अम्बेडकर
* अन्य उपस्थित गणमान्य व्यक्ति:
  * श्री रामभाऊ तटणीस
  * अॅड तलपदे
  * पि. दोंदे
  * श्री भगवंतराव परलकर
  * डी. वी. प्रधान

### डॉ. अम्बेडकर के भाषण का विस्तृत विश्लेषण

#### गांधी-युग से पूर्व की राजनीति

डॉ. अम्बेडकर ने अपने भाषण की शुरुआत गांधी-युग से पहले के भारतीय राजनीतिक परिदृश्य का विश्लेषण करके की। इस अवधि में मुख्य रूप से दो प्रमुख राजनीतिक विचारधाराएं थीं:

* नरमपंथी (नरम पक्ष): यह पक्ष बुद्धि, तर्क और अध्ययन-आधारित दृष्टिकोण पर अत्यधिक बल देता था।
* चरमपंथी (चरम दल): यह पक्ष देश के लिए सर्वोच्च त्याग के सिद्धांत को महत्व देता था, जिसमें प्राणों का बलिदान भी शामिल था।

#### गांधी-युग का आगमन और राजनीति का पतन

डॉ. अम्बेडकर के अनुसार, गांधी-युग की शुरुआत के साथ राजनीतिक परिदृश्य पूरी तरह से बदल गया, जिससे कई नकारात्मक प्रवृत्तियों का उदय हुआ:

* ढोंग का प्रवेश: राजनीति में "ढोंगी लोगों" का प्रवेश हुआ।
* सतही देशभक्ति: देशभक्त कहलाने के लिए केवल "दो आने की गांधी टोपी" पहनना और गांधी का अनुयायी होने का दिखावा करना पर्याप्त हो गया।
* अवसरवाद का उदय: इस माहौल ने भारतीय राजनीति में स्वार्थ साधने वाले अवसरवादियों (स्वार्थसाधकों) को बढ़ावा दिया।
* गांधी की जिम्मेदारी: डॉ. अम्बेडकर ने तर्क दिया कि गांधी जी जिस राजनीतिक "शुद्धी" (स्वच्छता) की बात कर रहे हैं, उस गंदगी और अशुद्धि के लिए वे स्वयं जिम्मेदार हैं।

#### काँग्रेस और उसके आंदोलनों की तीखी आलोचना

डॉ. अम्बेडकर ने कांग्रेस पार्टी और उसके आंदोलनों, विशेष रूप से कारावास के अनुभवों को लेकर तीखा प्रहार किया।

* कारावास का महिमामंडन: उन्होंने कहा कि कांग्रेस के असहयोग आंदोलन के कारण हजारों लोग जेल गए और वे अपने कारावास का मुक्त कंठ से गुणगान करते हैं।
* कारावास की वास्तविकता पर प्रश्न: उन्होंने इन दावों पर सवाल उठाते हुए कहा कि जेल में "स्त्री-भोगादी सुख" लेने के उदाहरण सामने आए हैं, जिससे यह सवाल उठता है कि यह कारावास वास्तव में "सश्रम" या कष्टदायक कैसे था।
* लोकमान्य तिलक से तुलना: उन्होंने कांग्रेसी नेताओं के कारावास की तुलना लोकमान्य तिलक द्वारा सहे गए "असल कलेश, दुख" से की। उन्होंने कहा कि तिलक के कारावास के अनुभव इतने दर्दनाक थे कि उन्हें देखकर "आंखों से आंसुओं की खून की बूंदे भी रिस सकती हैं" और इन दोनों की तुलना करना "असंभव" है।
* कांग्रेस का शासन: उन्होंने कांग्रेस की सत्ता को "तानाशाही" के समान बताया।
* मतदाताओं की भूमिका: उन्होंने इस स्थिति के लिए सीधे तौर पर चुनाव क्षेत्रों (मतदाताओं) को जिम्मेदार ठहराया और कहा कि अब कांग्रेस की राजनीतिक विफलताओं के लिए उसे कोसना व्यर्थ है।

#### मुंबई विधानसभा के सदस्यों पर टिप्पणी

अपने भाषण के अंत में, डॉ. अम्बेडकर ने मुंबई विधानसभा के कांग्रेसी सदस्यों पर एक अत्यंत कटु टिप्पणी की। उन्होंने श्रोताओं से कहा कि यदि वे विधानसभा के कांग्रेसी सदस्यों को देखें, तो ऐसा लगेगा कि:

"कहीं यह किंग एडवर्ड अस्पताल का लूलो-लंगड़ों, अंधों-बूढ़ों का वार्ड तो नहीं है?"

#### भविष्य का मार्ग: एकीकृत विपक्ष का आह्वान

इस राजनीतिक पतन और कांग्रेस की तानाशाही का मुकाबला करने के लिए, डॉ. अम्बेडकर ने एक स्पष्ट और एकमात्र उपाय सुझाया:

1. राजनीतिक एकता: सभी राजनीतिक दलों को एकजुट होना चाहिए।
2. कांग्रेस का पर्दाफाश: उन्हें मिलकर कांग्रेस के "ढोंग" को उजागर करना चाहिए।
3. नेतृत्व संभालना: सभी राजनीतिक दलों को एक संगठन बनाकर बिना किसी झिझक के "हिंदी राजनीति की जिम्मेदारी अपने हाथ में लेने की कोशिश करनी चाहिए।"

#### महत्वपूर्ण उद्धरण, विषय उद्धरण

गांधी-युग की राजनीति पर "राजनीति में ढोंगी लोगों का प्रवेश हुआ। दो आने की गांधी टोपी सिर पर लगाकर गांधी का दास होना जाहिर किया और बस हो गया देशभक्त।"

गांधी की जिम्मेदारी पर "आज गांधी जी जिस शुद्धी की बात कर रहे हैं उसके लिए खुद ही जिम्मेदार हैं।"


तिलक के बलिदान पर "असल कलेश, दुख तो लो तिलक ने भोगे। उनके कारावास की काँग्रेसी नेताओं के कारावास के साथ तुलना करना असंभव है।"

कांग्रेस के शासन पर "काँग्रेस की सत्ता यानी तानाशाही और इसके लिए चुनावक्षेत्र ही जिम्मेदार हैं।"

भविष्य की दिशा पर "सभी राजनीतिक पक्षों को एक होकर संगठन बनाकर बेझिझक हिंदी राजनीति की जिम्मेदारी अपने हाथ में लेने की कोशिश करनी चाहिए।"

# पाकिस्तान में लापता हुई सरबजीत कौर ने धर्म परिवर्तन कर निकाह किया, नाम रखा 'नूर हुसैन'

"इक्वालिटी एंड जस्टिस
" पटियाला 15 नवंबर
INTERNATIONAL PAPER, 94636 01616
hardipchumber57@gmail.com




गुरु नानक देव जी के प्रकाश गुरपुरब के अवसर पर पाकिस्तान गई पंजाब की एक महिला तीर्थयात्री सरबजीत कौर के बारे में बड़ा खुलासा हुआ है। रिपोर्ट्स के अनुसार, कौर ने पाकिस्तान में इस्लाम धर्म अपना लिया, अपना नाम बदलकर नूर हुसैन रखा और शेखूपुरा के एक व्यक्ति नासिर हुसैन से निकाह कर लिया है। हालांकि निकाहनामा दस्तावेज की स्वतंत्र पुष्टि अभी नहीं हुई है।

48 वर्षीय सरबजीत कौर कपूरथला की रहने वाली हैं और वे 4 नवंबर को लगभग 1,992 सिख श्रद्धालुओं के जत्थे के साथ वाघा-अटारी बॉर्डर के रास्ते पाकिस्तान गई थीं। जत्था 13 नवंबर को भारत लौट आया, लेकिन वे साथ वापस नहीं आईं।

पाकिस्तान में वायरल हुए उर्दू निकाहनामे में दावा किया गया है कि कौर ने शेखूपुरा के निवासी नासिर हुसैन से निकाह किया है। सरबजीत कौर पहले से तलाकशुदा हैं और उनके दो बेटे हैं। उनके पति करनैल सिंह पिछले लगभग 30 वर्षों से इंग्लैंड में रहते हैं।

कपूरथला पुलिस के अनुसार कौर के खिलाफ पहले से तीन आपराधिक मामले दर्ज हैं। दो कपूरथला सिटी में और एक कोट फत्ता, बठिंडा में, जो मुख्य रूप से धोखाधड़ी और ठगी से संबंधित हैं। पुलिस अब इन मामलों के विवरण की पुनः जांच कर रही है।

"इक्वालिटी एंड जस्टिस
" पटियाला 15 नवंबर
INTERNATIONAL PAPER, 94636 01616
hardipchumber57@gmail.com

# उदा देवी पासी: एक दलित वीरांगना का संक्षिप्त विवरण



इंजी. हरदीप सिंह चुंबर

## कार्यकारी सारांश

उदा देवी पासी (1830-1857) 1857 के भारतीय विद्रोह की एक प्रमुख दलित महिला स्वतंत्रता सेनानी थीं। अवध के नवाब वाजिद अली शाह की महिला बटालियन की सदस्य के रूप में, उन्होंने ब्रिटिश ईस्ट इंडिया कंपनी के खिलाफ सशस्त्र प्रतिरोध में महत्वपूर्ण भूमिका निभाई। उनका सबसे उल्लेखनीय कार्य नवंबर 1857 में सिकंदर बाग की लड़ाई के दौरान हुआ, जहाँ उन्होंने एक पेड़ से ब्रिटिश सैनिकों पर घात लगाकर हमला किया और कई लोगों को मार गिराया, जिसके बाद वे शहीद हो गईं। उनका बलिदान दलित समुदायों के योगदान पर प्रकाश डालता है, जिसे अक्सर मुख्यधारा के ऐतिहासिक आख्यानों में अनदेखा कर दिया जाता है। उनकी विरासत को उत्तर प्रदेश सरकार द्वारा उनके नाम पर एक प्रांतीय सशस्त्र बल (पीएसी) महिला बटालियन की स्थापना की घोषणा के साथ आधुनिक मान्यता मिली है।

## परिचय एवं ऐतिहासिक संदर्भ

उदा देवी पासी 1857 के भारतीय विद्रोह की एक साहसी योद्धा थीं, जिन्होंने ब्रिटिश औपनिवेशिक शासन के विरुद्ध भारतीय सैनिकों की ओर से युद्ध किया। वे अवध के अंतिम नवाब, वाजिद अली शाह की महिला बटालियन की एक प्रतिष्ठित सदस्य थीं। उनका योगदान विशेष रूप से महत्वपूर्ण है क्योंकि यह स्वतंत्रता संग्राम में दलित समुदायों की भूमिका को उजागर करता है, जिसे अक्सर झाँसी की रानी जैसी उच्च-जाति की वीरांगनाओं के ऐतिहासिक आख्यानों में कम महत्व दिया जाता है। आज, उदा देवी पासी और अन्य दलित महिला प्रतिभागियों को "दलित वीरांगनाओं" के रूप में सम्मान के साथ याद किया जाता है, जिन्होंने भारत की स्वतंत्रता के लिए संघर्ष किया।

## व्यक्तिगत जीवन एवं विद्रोह में प्रवेश




* प्रारंभिक जीवन: उदा देवी का जन्म 30 जून 1830 को उत्तर प्रदेश के लखनऊ जिले के उजरिया गाँव में एक पासी परिवार में हुआ था। यह क्षेत्र अब गोमती नगर के नाम से जाना जाता है।

* विवाह: उनका विवाह मक्का पासी से हुआ था, जो अपने समय के एक महान पहलवान और हज़रत महल की सेना में एक सैनिक थे।

* विद्रोह में शामिल होना: ब्रिटिश प्रशासन के प्रति बढ़ते जन आक्रोश के बीच, उदा देवी ने अवध की रानी, बेगम हज़रत महल से युद्ध में शामिल होने की अनुमति मांगी।

* महिला बटालियन का गठन: युद्ध की तैयारियों को देखते हुए, बेगम हज़रत महल ने उदा देवी को अपनी कमान में एक महिला बटालियन बनाने में मदद की।

* सशस्त्र प्रतिरोध: जब अंग्रेजों ने अवध पर आक्रमण किया, तो उदा देवी और उनके पति दोनों ने सशस्त्र प्रतिरोध में सक्रिय रूप से भाग लिया। अपने पति की युद्ध में मृत्यु का समाचार मिलने पर, उन्होंने पूरी ताकत से अपना अंतिम अभियान शुरू करने का संकल्प लिया।

## सिकंदर बाग का युद्ध और शहादत

1857 की शरद ऋतु में, विद्रोह लखनऊ तक फैल गया था। नवंबर 1857 में, उदा देवी ने सिकंदर बाग के ऐतिहासिक युद्ध में भाग लिया।

* रणनीतिक कार्रवाई: अपनी बटालियन को निर्देश देने के बाद, उदा देवी स्वयं एक पीपल के पेड़ पर चढ़ गईं और वहाँ से आगे बढ़ रहे ब्रिटिश सैनिकों पर गोलीबारी शुरू कर दी।

* ब्रिटिशों द्वारा खोज: एक ब्रिटिश अधिकारी ने देखा कि कई सैनिकों को लगी गोलियाँ ऊपर से नीचे की ओर तीव्र गति से आई थीं, जिससे उसे एक छिपे हुए निशानेबाज़ पर संदेह हुआ। उसने अपने अधिकारियों को पेड़ों पर गोली चलाने का आदेश दिया।

* शहादत: इस गोलीबारी के परिणामस्वरूप, एक विद्रोही सैनिक पेड़ से नीचे गिर गया और उसकी मृत्यु हो गई। जांच करने पर, उस निशानेबाज़ की पहचान उदा देवी पासी के रूप में हुई।

ब्रिटिश अधिकारी विलियम फोर्ब्स-मिशेल ने अपनी पुस्तक "रेमिनिसेंसेज़ ऑफ़ द ग्रेट म्यूटिनी" में उदा देवी की वीरता का वर्णन किया है:

"वह पुराने ज़माने की भारी घुड़सवार पिस्तौलों से लैस थीं, जिनमें से एक उनकी बेल्ट में अभी भी भरी हुई थी, और उनकी थैली अभी भी लगभग आधी गोला-बारूद से भरी हुई थी, जबकि हमले से पहले सावधानीपूर्वक तैयार किए गए पेड़ पर बैठे हुए, उन्होंने आधा दर्जन से ज़्यादा लोगों को मार गिराया था।"

## विरासत एवं सम्मान

उदा देवी पासी का बलिदान आज भी याद किया जाता है और उन्हें विभिन्न रूपों में सम्मानित किया गया है:

* वार्षिक स्मरणोत्सव: पीलीभीत के पासी समुदाय के लोग हर साल 16 नवंबर को उदा देवी पासी की शहादत की वर्षगांठ मनाने के लिए एकत्रित होते हैं।

* पीएसी महिला बटालियन: 20 मार्च 2021 को, उत्तर प्रदेश सरकार ने वीरांगना उदा देवी के नाम पर एक प्रांतीय सशस्त्र बल (पीएसी) महिला बटालियन की स्थापना की घोषणा की।

* सरकारी मान्यता: रानी अवंतीबाई लोधी की पुण्यतिथि पर आयोजित एक कार्यक्रम में, मुख्यमंत्री योगी आदित्यनाथ ने पुष्टि की कि तीन महिला योद्धाओं - रानी अवंतीबाई, उदा देवी और झलकारीबाई - के नाम पर तीन पीएसी महिला बटालियन स्थापित की जाएंगी, जिसके लिए सभी औपचारिकताएँ पूरी कर ली गई हैं।

# सोशल मीडिया पर RJD की तीन महिला प्रवक्ताओं की ट्रोलिंग, जातिगत व अमर्यादित टिप्पणियां कर रहे यूजर्स!

**सोशल मीडिया पर महिला राजनेताओं को निशाना बनाना कोई नई बात नहीं, लेकिन बहुजन पृष्ठभूमि से आने वाली महिलाओं पर जातीय आधार पर अपमानजनक हमले गंभीर चिंता पैदा करते हैं।**

"इक्वालिटी एंड जस्टिस
" पटियाला 15 नवंबर
INTERNATIONAL PAPER, 94636 01616
hardipchumber57@gmail.com

नई दिल्ली। राष्ट्रीय जनता दल (RJD) की तीन महिला प्रवक्ता, प्रियंका भारती, कंचना यादव और सारिका पासवान को पिछले दो दिनों से सोशल मीडिया पर संगठित तरीके से ट्रोलिंग और चरित्र हनन का सामना करना पड़ रहा हैं। RJD की राष्ट्रीय प्रवक्ता प्रियंका भारती ने आरोप लगाया है कि बीजेपी से जुड़े ट्रोलर्स और कुछ नेताओं द्वारा इन तीनों को जातिगत, लैंगिक और अमर्यादित शब्दों से लगातार निशाना बनाया जा रहा है। उन्होंने कहा कि यह हमला सिर्फ व्यक्तिगत नहीं, बल्कि महिलाओं और बहुजन राजनीति की बढ़ती ताकत से उपजे डर का परिणाम है।

RJD की राष्ट्रीय प्रवक्ता प्रियंका भारती ने एक्स पर एक लंबी पोस्ट लिखते हुए कहा कि जातिसूचक अपमानजनक शब्दों का इस्तेमाल उन्हें कमजोर नहीं कर सकता। उन्होंने कहा कि जो लोग महिलाओं के खिलाफ भद्दी भाषा बोलकर उन्हें डराना चाहते हैं, वे दरअसल बहुजन राजनीति के उभार से असहज हैं।

प्रियंका लिखती हैं, "जब कोई "भीमटी" कहता है तो "भीम" का नाम गूंजता है , जब कोई "नीलचट्टी" कहता है तो नीला रंग याद आता है जो समता और सामाजिक न्याय का प्रतीक है।

ये शब्द हमें मज़बूत करते हैं। हम महिलाओं से ना कोई हमारी आवाज़ छीन सकता है, ना समाज और ना ही समाज का समर्थन।



चाहे मैं हूँ, "कंचना यादव" हों या "सारिका पासवान" तीनों बहुजन महिलाएं हैं, जिन्होंने बेड़ियों में बंधने से इनकार किया है।

बाबा साहब ने हमारी बेड़ियों से हमें मुक्त किया, उन बेड़ियों में हम दुबारा क़ैद नहीं हो सकते।

नफ़रत, हिंसा, पितृसत्ता और जातिवाद के ख़िलाफ़ "उलगुलान" था, है और जारी रहेगा।"

## कंचना यादव का पलटवार- फिल्म अभी शुरू हुई है

RJD की प्रवक्ता कंचना यादव ने भी एक्स पर एक तीखी प्रतिक्रिया दी। उन्होंने लिखा "प्रिय प्रियंका और सारिका दीदी, कल से सोशल मीडिया पर बीजेपी के ट्रोलर्स और नेताओं द्वारा आप दोनों का, और हम सभी का जो चरित्र हनन, गालियाँ और ट्रोलिंग की जा रही है, उसे पूरा देश, विशेषकर देश की महिलाएँ देख रही हैं। महिलाएँ राजनीति में आएँ, चल रहे नैरेटिव को चुनौती दें और अपने नेता व पार्टी के लिए मज़बूती से खड़ी हों, यह बात संघियों को कितनी चुभ रही है, यह उनकी भाषा से साफ़ दिख रहा है।

शायद इन लोगों को यह नहीं मालूम कि फिल्म तो अभी शुरू हुई है। अब तो उन्हें हमें और हम जैसी तमाम महिलाओं को सुनना ही पड़ेगा, चाहे कान से ख़ून ही क्यों न निकल आए।

क्योंकि अभी इन्हें यह भी समझना बाकी है कि महिलाओं की राजनीति 10,000 रुपये तक सीमित नहीं है। 10,000 रुपये से भले कोई महिला एक बकरी खरीद ले, पर उसके बच्चों का क्या? उनके बच्चों को अच्छी स्कूलिंग चाहिए, सरकारी नौकरी के अवसर चाहिए, कारखानों और रोजगार की ज़रूरत होगी।"

## मनुवादी मानसिकता वालों से नहीं डरते- सारिका पासवान

द मूकनायक से बातचीत में RJD प्रवक्ता सारिका पासवान ने कहा कि सोशल मीडिया पर हो रहे हमले नए नहीं हैं, लेकिन इस बार यह बेहद संगठित और जातिगत है। उन्होंने कहा-

"जो लोग हमारे खिलाफ लिख रहे हैं, वे मनुवादी सोच से ग्रसित हैं। महिलाओं को हमेशा कमजोर समझा गया, इसलिए जब इनके तर्क खत्म हो जाते हैं, ये चरित्र हनन पर उतर आते हैं। मगर हम डरने वालों में से नहीं हैं। जो कर रहे हैं, वही करते रहेंगे।"

सारिका ने कहा कि यह लड़ाई सिर्फ RJD की तीन महिलाओं की नहीं, बल्कि उन सभी महिलाओं की है जो राजनीति, समाज और सार्वजनिक जीवन में आगे बढ़ने की कोशिश कर रही हैं।

## राजनीतिक विमर्श में बढ़ती स्त्री-द्वेष और जातिवाद की चिंताएं

सोशल मीडिया पर महिला राजनेताओं को निशाना बनाना कोई नई बात नहीं, लेकिन बहुजन पृष्ठभूमि से आने वाली महिलाओं पर जातीय आधार पर अपमानजनक हमले गंभीर चिंता पैदा करते हैं। RJD की तीनों प्रवक्ताओं को जिस भाषा में ट्रोल किया गया है, उससे यह साफ़ है कि जाति और पितृसत्ता का गठजोड़ अभी भी राजनीतिक विमर्श में गहरी जड़ें जमाए हुए है।

राजनीतिक विश्लेषकों का कहना है कि महिलाओं के बढ़ते राजनीतिक हस्तक्षेप और बहुजन नेतृत्व के उभार से पारंपरिक सत्ता संरचनाएँ असहज हो जाती हैं, जिसके परिणामस्वरूप ऐसे संगठित डिजिटल हमले अक्सर किए जाते हैं।

“इक्वालिटी एंड जस्टिस
“ पटियाला 15 नवंबर
INTERNATIONAL PAPER, 94636 01616
hardipchumber57@gmail.com

# भगवान बिरसा मुंडा: एक संक्षिप्त दस्तावेज़

## जन्म 15 नवंबर, 1875

इंजी. हरदीप सिंह चुंबर



### कार्यकारी सारांश

यह दस्तावेज़ भगवान बिरसा मुंडा के जीवन, संघर्ष और स्थायी विरासत का सार प्रस्तुत करता है, जैसा कि उपलब्ध स्रोत संदर्भ में वर्णित है। बिरसा मुंडा एक आदिवासी स्वतंत्रता सेनानी थे जिन्होंने ब्रिटिश राज और शोषक जमींदारी व्यवस्था के खिलाफ एक महत्वपूर्ण विद्रोह का नेतृत्व किया। केवल 25 वर्ष की छोटी सी आयु में, उन्होंने न केवल आदिवासियों के भूमि अधिकारों के लिए संघर्ष किया, बल्कि अंधविश्वासों को खत्म करने और सामाजिक-धार्मिक प्रथाओं में सुधार लाने का भी काम किया। जेल में उनकी असामयिक मृत्यु के बावजूद, उनके विद्रोह ने ब्रिटिश सरकार पर स्थायी प्रभाव डाला, जिसके कारण आदिवासियों की भूमि को गैर-आदिवासियों को हस्तांतरित करने पर रोक लगाने वाला ऐतिहासिक ‘छोटानागपुर काश्तकारी अधिनियम 1908’ लागू हुआ। आज भी, उनकी बहादुरी और बलिदान लाखों भारतीयों को प्रेरित करता है।


### विस्तृत विश्लेषण

परिचय: भगवान बिरसा मुंडा कौन थे?

भगवान बिरसा मुंडा ब्रिटिश राज के खिलाफ मातृभूमि की स्वतंत्रता के लिए लड़ने वाले एक महान और निडर सेनानी थे। उन्होंने केवल 25 वर्षों का जीवन जिया, लेकिन वह बहादुरी से भरा था। उनकी नेक भावनाओं और कार्यों के कारण, उनके अनुयायियों ने उन्हें ‘भगवान’ की उपाधि दी।

* जन्म और प्रारंभिक जीवन: बिरसा का जन्म 15 नवंबर,



1875 को वर्तमान झारखंड के उलिहातू गाँव में एक आदिवासी मुंडा परिवार में हुआ था। उन्होंने अपना जीवन अत्यंत गरीबी में बिताया।

### संघर्ष की पृष्ठभूमि: आदिवासी शोषण

संघर्ष की शुरुआत तब हुई जब ब्रिटिश राज ने भारत के घने जंगलों में प्रवेश करना शुरू किया। इससे उन आदिवासियों के लिए कई मुश्किलें पैदा हो गईं जो प्राकृतिक संसाधनों के साथ तालमेल बिठाकर रहते थे।

* जमींदारी व्यवस्था: इस व्यवस्था ने आदिवासियों को उनकी अपनी भूमि के मालिकों से भूमि-मजदूर बना दिया।

* शोषण का चरम: स्रोत के अनुसार, गरीब और निर्दोष आदिवासियों का शोषण 1880 में अपने चरम पर पहुँच गया था।

### बिरसा मुंडा का उदय और विद्रोह

आदिवासी समुदायों पर हो रहे अत्याचारों को देखते हुए, बिरसा मुंडा ने अपनी आवाज़ उठानी शुरू की और एक बहुआयामी आंदोलन का नेतृत्व किया।

### * सामाजिक-धार्मिक सुधार:

* उन्होंने मौजूदा धार्मिक प्रथाओं में संशोधन और सुधार के लिए काम किया।

* उन्होंने लोगों को अंधविश्वासों से बाहर निकालने का प्रयास किया और नए सिद्धांतों व प्रार्थनाओं की शुरुआत की।

* उन्होंने आदिवासियों को उनके निजी स्वार्थों और उन पर हो रहे अत्याचारों के बारे में जागरूक किया।

### * विद्रोह का आह्वान:

* भगवान बिरसा ने जनता के मन में विरोध की चिंगारी जलाई।

* बड़ी संख्या में आदिवासी उनके साथ खड़े हो गए और विद्रोह में शामिल हो गए।

* उन्होंने मिलकर आदिवासियों का शोषण करने वालों के खिलाफ विद्रोह कर दिया।

### गिरफ्तारी, मृत्यु और विरासत

बिरसा मुंडा को 9 जून, 1900 को पुलिस ने पकड़ लिया और जेल भेज दिया, जहाँ उनकी मृत्यु हो गई। हालाँकि, उनका संघर्ष व्यर्थ नहीं गया और इसके दूरगामी परिणाम हुए।

### * छोटानागपुर काश्तकारी अधिनियम, 1908:

* बिरसा के विद्रोह ने ब्रिटिश राज को आदिवासियों की दुर्दशा और शोषण पर ध्यान देने के लिए मजबूर किया।

* इसके परिणामस्वरूप, सरकार ने आदिवासियों की सुरक्षा के लिए ‘छोटानागपुर काश्तकारी अधिनियम 1908’ लागू किया।

### * अधिनियम का प्रभाव:

* इस अधिनियम के तहत आदिवासी भूमि को गैर-आदिवासियों को हस्तांतरित करने पर रोक लगा दी गई।

* इसने आदिवासियों के अधिकारों की रक्षा के लिए एक महत्वपूर्ण कानूनी ढाँचा प्रदान किया।

### स्थायी प्रेरणा

अपनी मृत्यु के 121 साल बाद भी, भगवान बिरसा मुंडा का जीवन और संघर्ष लाखों भारतीयों को प्रेरित करना जारी रखता है, जो साहस, सामाजिक न्याय और अधिकारों के लिए अटूट लड़ाई का प्रतीक है।

# MP में कफ सिरप से बच्चों की मौत का मामला गहराया: दवा निर्माण व्यवस्था की पोल खोलती जांच, 32 में से सिर्फ 7 कंपनियों की जांच पूरी, अधिकतर में गंभीर खामियां

## छिंदवाड़ा में बच्चों की मौत की घटना ने प्रदेश की स्वास्थ्य व्यवस्था पर एक गहरा घाव छोड़ा है। इस घटना ने यह भी स्पष्ट कर दिया है कि दवा निर्माण और उनकी निगरानी की राज्यव्यापी व्यवस्था कितनी कमजोर है

“इक्वालिटी एंड जस्टिस
“ पटियाला 15 नवंबर
INTERNATIONAL PAPER, 94636 01616
hardipchumber57@gmail.com

भोपाल। मध्य प्रदेश के छिंदवाड़ा में कथित तौर पर कोल्डरिफ सिरप पीने से मासूम बच्चों की मौत की घटना ने पूरे मध्यप्रदेश में दवा निर्माण व्यवस्था पर गंभीर सवाल खड़े कर दिए हैं। यह मामला न केवल स्वास्थ्य विभाग पर सवालिया निशान लगाता है, बल्कि प्रदेश की दवा निगरानी प्रणाली की कमजोरियों को भी उजागर करता है। घटना के तुरंत बाद राज्य सरकार सक्रिय हुई और प्रदेश में सिरप बनाने वाली सभी 32 फार्मा कंपनियों की व्यापक जांच का अभियान शुरू किया गया। लेकिन हैरानी की बात यह है कि इतने संवेदनशील मामले के बाद भी अब तक सिर्फ 7 कंपनियों की जांच पूरी हो पाई है, और इन 7 में से 6 कंपनियों में भारी खामियां सामने आई हैं।

### मौत के बाद प्रदेशभर में जांच का अभियान

छिंदवाड़ा की घटना ने प्रदेशभर में दहशत का माहौल बनाया। इसी के बाद खाद्य एवं औषधि प्रशासन विभाग (MPFDA) ने केंद्रीय औषधि विभाग सब-जोन इंदौर के साथ मिलकर कफ सिरप निर्माण केंद्रों पर सघन जांच शुरू की। उद्देश्य था, ऐसी किसी भी दवा को पहचानना और हटाना जो मानव जीवन के लिए खतरा बन सकती है। हालांकि जांच की गति बेहद धीमी है। महीने भर में 32 में से केवल 7 कंपनियों की ही जांच पूरी हो सकी। अधिकारियों का कहना है कि संसाधनों की कमी इस धीमी प्रक्रिया की सबसे बड़ी वजह है।

### जांच में गंभीर अनियमितताएं उजागर,

### 5 कंपनियों पर कार्रवाई, एक ने खुद लाइसेंस सरेंडर किया



जिन 7 कंपनियों की जांच पूरी हुई, उनमें से अधिकांश में निर्माण मानकों के उल्लंघन, रिकॉर्ड में गड़बड़ी, गुणवत्ता परीक्षण में कमी और लाइसेंस की शर्तों के अनुपालन न करने जैसी गंभीर कमियां पाई गईं। इसके आधार पर 5 कंपनियों के खिलाफ कार्रवाई की गई है, जबकि इंदौर स्थित मेसर्स एडकॉन लैब ने स्वयं दवा निर्माण लाइसेंस सरेंडर कर दिया, जिसके बाद उसका लाइसेंस निरस्त कर दिया गया।

### इन कंपनियों पर कार्यवाही

प्रदेशभर में सिरप निर्माण इकाइयों की जांच के दौरान जिन कंपनियों में गंभीर खामियां पाई गई हैं, उनमें इंदौर स्थित मेसर्स सेजा फार्मूलेशंस, मेसर्स विशाल फार्मास्यूटिकल्स लेबोरेटरी, मेसर्स सामकेम, मेसर्स एडकॉल लैब और मेसर्स मॉर्डन लेबोरेटरी शामिल हैं। इसके अलावा ग्वालियर की मेसर्स शील केमिकल्स पर भी नोटिस जारी किया गया है, जबकि मेसर्स विलक्योर का लाइसेंस तो गंभीर अनियमितताओं के चलते पहले ही निरस्त किया जा चुका है।

जांच टीम को कई जगहों पर दवा निर्माण से जुड़े अनिवार्य दस्तावेज अधूरे मिले। कुछ मामलों में दवा की क्वालिटी जांच प्रक्रिया को नियमों के अनुसार पूरा नहीं किया गया था। कुछ कंपनियों में साफ-सफाई और स्टोरिंग कंडीशन भी निर्धारित मानकों से बेहद खराब स्थिति में मिली।

### MPFDA की सीमाएं उजागर, संसाधनों की कमी से अटकी जांच, बाजार में पहुंच रही नकली दवाएं

मध्यप्रदेश में दवाओं की गुणवत्ता की निगरानी का जिम्मा MPFDA पर है, लेकिन विभाग के पास संसाधन बेहद सीमित हैं। प्रदेश में दवाओं के हजारों सैंपल हर महीने लिए जाते हैं, पर जांच के नाम पर यह सैंपल महीनों तक ईदगाह हिल्स स्थित लैब में फाइलों की तरह जमा रहते हैं। एक ओर जांच की प्रक्रिया धीमी है, तो दूसरी ओर बाजार में नकली और घटिया गुणवत्ता वाली दवाओं की आवक लगातार बढ़ रही है।

अधिकारी स्वीकार करते हैं कि विभाग संसाधनों की कमी से जूझ रहा है। ड्रग कंट्रोलर दिनेश श्रीवास्तव ने बताया, “जांच लगातार जारी है। हालांकि संसाधन सीमित हैं, इसलिए रिपोर्ट आने में समय लगता है। हम प्रक्रिया का पालन कर रहे हैं।”

लेकिन इस धीमी जांच व्यवस्था के चलते बाजार में कौन सी दवा सुरक्षित है और कौन सी जोखिम भरी, इस पर अब तक कोई ठोस जवाब नहीं मिल पाया है।

### सैंपल कलेक्शन तक सीमित कार्रवाई, रिपोर्टों की कोई टाइमलाइन नहीं

प्रदेश में जिन 32 कंपनियों से सैंपल लिए गए हैं, वे लैब में जांच की प्रतीक्षा में हैं। अधिकारियों के पास इस बात का कोई ठोस जवाब नहीं है कि इन सैंपलों की रिपोर्ट कब तक आएगी।

इस बीच, दवा उत्पादन और बाजार में सप्लाई जारी है, जिससे उपभोक्ताओं की सुरक्षा के लिए गंभीर खतरा बना हुआ है।

स्वास्थ्य विशेषज्ञों का कहना है कि जांच प्रणाली की यह सुस्ती बेहद खतरनाक है। जब तक रिपोर्ट नहीं आ जाती, यह सुनिश्चित नहीं किया जा सकता कि बाजार में बिक रही दवाएं सुरक्षित हैं या नहीं।

### छिंदवाड़ा की घटना बनी चेतावनी, राज्य की दवा प्रणाली पर सवाल

छिंदवाड़ा में बच्चों की मौत की घटना ने प्रदेश की स्वास्थ्य व्यवस्था पर एक गहरा घाव छोड़ा है। इस घटना ने यह भी स्पष्ट कर दिया है कि दवा निर्माण और उनकी निगरानी की राज्यव्यापी व्यवस्था कितनी कमजोर है। अगर समय पर जांच और सतर्कता होती, तो शायद ऐसी घटनाओं को रोका जा सकता था।